ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

Excellence in Agri Info

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh ● RNI/PUNPUN00806 ● Issue Dated 09-11-2024 ● Vol.42 No.45 ● Ph. : 0175-2214575, 90410-14575 ● Page : 16 | E-mail : khetiduniyan1983@gmail.com





ਬੀਜ ਰੋਗ ਰਹਿਤ ਹੋਣਾ ਚਾਹੀਦਾ ਹੈ ਅਤੇ ਸਿਹਤਮੰਦ ਹੋਵੇ। ਬੀਜ ਦੀ ਚੋਣ ਕਰਦੇ ਸਮੇਂ ਹਮੇਸ਼ਾਂ ਉਨ੍ਹਾਂ ਕਿਸਮਾਂ ਦੀ ਬਿਜਾਈ ਕਰੋ ਜਿਨ੍ਹਾਂ ਦੀ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਗਈ ਹੈ। ਮੈਨੂੰ ਰੋਜ਼ ਕਿਸਾਨਾਂ ਦੇ ਫੋਨ ਆਉਂਦੇ ਹਨ ਤੇ ਕਣਕ ਦੀਆਂ ਉਨ੍ਹਾਂ ਕਿਸਮਾਂ ਬਾਰੇ ਪੁੱਛਦੇ ਹਨ ਜਿਨ੍ਹਾਂ ਦਾ ਮੈਂ ਨਾਮ ਵੀ ਨਹੀਂ ਸੁਣਿਆ ਹੁੰਦਾ ਹੈ। ਕਈ ਵਿਉਪਾਰੀ ਚਮਤਕਾਰ ਬੀਜ ਆਖ ਭੋਲੇ ਕਿਸਾਨਾਂ ਨੂੰ ਆਪਣੇ ਜਾਲ ਵਿਚ ਫਸਾ ਲੈਂਦੇ ਹਨ ਤੇ ਪਿੱਛੋਂ ਪਛਤਾਉਂਦੇ ਹਨ। ਕਿਸਾਨ ਭਰਾਵੋ ਕਦੇ ਵੀ ਉਸ ਕਿਸਮ ਦੀ ਕਾਸ਼ਤ ਨਾ ਕਰੋ ਜਿਸ ਦੇ ਬੀਜਣ ਲਈ ਸਿਫਾਰਸ਼ ਨਾ ਕੀਤੀ ਗਈ ਹੋਵੇ।



ਡਾ. ਰਣਜੀਤ ਸਿੰਘ



# ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਬੀਜੋ

ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਸ਼ੁਰੂ ਹੋ ਗਈ ਹੈ। ਇਸ ਦੇ ਨਾਲ ਹੀ ਸਾਉਣੀ ਦੀਆਂ ਫਸਲਾਂ ਦੀ ਸੰਭਾਲ ਵੀ ਕਰਨੀ ਪੈ ਰਹੀ ਹੈ। ਫਸਲ ਦੀ ਸਫਲਤਾ ਕਈ ਗੱਲਾਂ ਉੱਤੇ ਨਿਰਭਰ ਕਰਦੀ ਹੈ ਪਰ ਸਭ ਤੋਂ ਮਹੱਤਵਪੂਰਨ ਬੀਜ ਨੂੰ ਮੰਨਿਆ ਜਾਂਦਾ ਹੈ। ਜੇਕਰ ਬੀਜ ਠੀਕ ਨਾ ਹੋਇਆ ਤਾਂ ਫਸਲ ਨੇ ਤਾਂ ਕਮਜ਼ੋਰ ਹੋ ਹੀ ਜਾਣਾ ਹੈ। ਬਿਜਾਈ ਤੋਂ ਪਹਿਲਾਂ ਬੀਜ ਦੀ ਚੋਣ ਕਰਦੇ ਸਮੇਂ ਘੱਟੋ ਘੱਟ ਤਿੰਨ ਗੁਣਾ ਦੀ ਪਰਖ ਜ਼ਰੂਰ ਕਰੋ। ਬੀਜ ਰੋਗ ਰਹਿਤ ਹੋਣਾ ਚਾਹੀਦਾ ਹੈ ਅਤੇ ਸਿਹਤਮੰਦ ਹੋਵੇ। ਬੀਜ ਦੀ ਚੋਣ ਕਰਦੇ ਸਮੇਂ ਹਮੇਸ਼ਾਂ ਉਨ੍ਹਾਂ ਕਿਸਮਾਂ ਦੀ ਬਿਜਾਈ ਕਰੋ ਜਿਨ੍ਹਾਂ ਦੀ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਗਈ ਹੈ। ਮੈਨੂੰ ਰੋਜ਼ ਕਿਸਾਨਾਂ ਦੇ ਫੋਨ ਆਉਂਦੇ ਹਨ ਤੇ ਕਣਕ ਦੀਆਂ ਉਨ੍ਹਾਂ ਕਿਸਮਾਂ ਬਾਰੇ ਪੁੱਛਦੇ ਹਨ ਜਿਨ੍ਹਾਂ ਦਾ ਮੈਂ ਨਾਮ ਵੀ ਨਹੀਂ ਸੁਣਿਆ ਹੁੰਦਾ ਹੈ। ਕਈ ਵਿਉਪਾਰੀ ਚਮਤਕਾਰ ਬੀਜ ਆਖ ਭੋਲੇ ਕਿਸਾਨਾਂ ਨੂੰ ਆਪਣੇ ਜਾਲ ਵਿਚ ਫਸਾ ਲੈਂਦੇ ਹਨ ਤੇ ਪਿੱਛੋਂ ਪਛਤਾਉਂਦੇ ਹਨ। ਕਿਸਾਨ ਭਰਾਵੋ ਕਦੇ ਵੀ ਉਸ ਕਿਸਮ ਦੀ ਕਾਸ਼ਤ ਨਾ ਕਰੋ ਜਿਸ ਦੇ ਬੀਜਣ ਲਈ ਸਿਫਾਰਸ਼ ਨਾ ਕੀਤੀ ਗਈ ਹੋਵੇ। ਜਦੋਂ ਅਜੇਹੀਆਂ ਕਿਸਮਾਂ ਦੇ ਦਾਣੇ ਸਿਫਾਰਸ਼ ਕੀਤੀਆਂ ਕਿਸਮਾਂ ਵਿਚ ਰਲਦੇ ਹਨ ਤਾਂ ਅਸਲੀ ਕਿਸਮ ਵੀ ਖਰਾਬ ਹੋ ਜਾਂਦੀ ਹੈ। ਇਸ ਦਾ ਨਤੀਜਾ ਇਸ ਵਾਰ ਝੋਨੇ ਵਿਚ ਦੇਖਣ ਨੂੰ ਮਿਲਿਆ ਹੈ। ਪਿਛਲੇ ਸਾਲ ਪੰਜਾਬ ਵਿਚ ਝੋਨੇ ਦੀ ਕਿਸਮ ਪੀ ਆਰ 126 ਕਾਸ਼ਤ ਲਈ ਦਿੱਤੀ ਗਈ। ਇਸ ਦੀ ਪਿਛੇਤੀ ਲੁਆਈ ਨਾਲ ਵੀ ਝਾੜ ਪੂਰਾ ਪ੍ਰਾਪਤ ਹੋਇਆ। ਪੱਕਣ ਵਿਚ ਸਮਾਂ ਵੀ ਘੱਟ ਲੈਂਦੀ ਹੈ ਜਿਸ ਨਾਲ ਕਣਕ ਦੀ ਬਿਜਾਈ ਅਰਾਮ ਨਾਲ ਹੋ ਜਾਂਦੀ ਹੈ। ਆਲੂਆਂ ਦੇ ਕਾਸ਼ਤਕਾਰਾਂ ਨੂੰ ਵੀ ਸਮੇਂ ਨਾਲ ਖੇਤ ਵਿਹਲਾ ਮਿਲ ਜਾਂਦਾ ਹੈ। ਧਰਤੀ ਹੇਠਲੇ ਪਾਣੀ ਸੰਬੰਧੀ ਇਸ ਵਰ੍ਹੇ ਆਈ ਰਿਪੋਰਟ ਨੇ ਸਿੱਧ ਕੀਤਾ ਹੈ ਕਿ ਪਾਣੀ ਘਟਣ ਦੀ ਦਰ ਵਿਚ ਕਮੀ ਆਈ ਹੈ। ਇਸ ਦੇ ਹੋਰ ਵੀ ਕਾਰਨ ਹੋਣਗੇ ਪਰ ਇਸ ਕਿਸਮ ਦਾ ਵੀ ਮਹੱਤਵਪੂਰਨ ਯੋਗਦਾਨ ਹੈ। ਇਸ ਵਾਰ ਇਸ ਕਿਸਮ ਹੇਠ ਰਕਬੇ ਵਿਚ ਚੋਖਾ ਵਾਧਾ ਹੋਇਆ ਪਰ ਕੁੱਝ ਕਿਸਾਨਾਂ ਨੇ ਵਿਉਪਾਰੀਆਂ ਦੇ ਆਖੇ ਵੱਧ ਝਾੜ ਪ੍ਰਾਪਤੀ ਦੇ ਲਾਲਚ ਵਿਚ ਝੋਨੇ ਦੀਆਂ ਦੋਗਲੀਆਂ ਕਿਸਮਾਂ ਦੀ ਕਾਸ਼ਤ ਕੀਤੀ ਹੈ। ਇਥੇ ਇਹ ਦੱਸਣਾ ਉਚਿੱਤ ਹੋਵੇਗਾ ਕਿ ਪੰਜਾਬ ਵਿਚ ਕਾਸ਼ਤ ਲਈ ਝੋਨੇ ਦੀ ਕਿਸੇ ਵੀ ਦੋਗਲੀ ਕਿਸਮ ਦੀ ਸਿਫਾਰਸ਼ ਨਹੀਂ ਕੀਤੀ ਗਈ। ਹੁਣ ਜਦੋਂ ਇਹ ਝੋਨਾ ਮੰਡੀ ਵਿਚ ਆਇਆ ਤਾਂ ਇਸ ਨੇ ਪੀ ਆਰ 126 ਕਿਸਮ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਕੁਝ ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਨੇ ਇਸ ਕਿਸਮ ਨੂੰ ਵੀ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਇੱਥੇ ਇਹ ਦੱਸਣਾ ਉੱਚਿਤ ਹੋਵੇਗਾ ਕਿ ਕਾਸ਼ਤ ਲਈ ਸਿਫਾਰਸ਼ ਕਰਨ ਤੋਂ ਪਹਿਲਾਂ ਕਿਸਮ ਦੀ ਸਖਤ ਪਰਖ ਕੀਤੀ ਜਾਂਦੀ ਹੈ। ਪਹਿਲਾਂ ਖੋਜ ਕੇਂਦਰ ਤੇ ਮੁੜ ਕਿਸਾਨਾਂ ਦੇ ਖੇਤਾਂ ਵਿਚ ਪਰਖ ਹੁੰਦੀ ਹੈ। ਸਾਰੀ ਖੇਤੀ ਖੋਜ ਦੀ ਨਿਗਰਾਨੀ ਭਾਰਤ ਸਰਕਾਰ ਦੀ ਭਾਰਤੀ ਖੇਤੀ ਖੋਜ ਕਾਉਂਸਲ ਦੀ ਨਿਗਰਾਨੀ ਹੇਠ ਹੁੰਦੀ ਹੈ। ਸਾਰੀਆਂ ਨਵੀਆਂ ਕਿਸਮਾਂ ਦੀ ਪਰਖ ਪੂਰੇ ਦੇਸ਼ ਵਿਚ ਕੀਤੀ ਜਾਂਦੀ ਹੈ ਅਤੇ ਮਾਹਿਰ ਬੈਠ ਪੂਰੇ ਵਿਚਾਰ ਵਟਾਂਦਰੇ ਪਿਛੋਂ ਕਿਸਮ ਦੀ ਕਾਸ਼ਤ ਲਈ ਸਿਫਾਰਸ਼ ਕੀਤੀ ਜਾਂਦੀ ਹੈ। ਕੁਝ ਕਿਸਾਨਾਂ ਦੀ ਗਲਤੀ ਕਾਰਨ ਇਕ ਵਧੀਆ ਕਿਸਮ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਇਹ ਕਿਸਮ ਪਰਖ ਹੇਠ ਸਾਰੇ ਮਾਪਦੰਡਾਂ ਉੱਤੇ ਪੂਰੀ ਉਤਰਦੀ ਹੈ।

ਇਸ ਕਰਕੇ ਕਿਸਾਨਾਂ ਨੂੰ ਬੇਨਤੀ ਹੈ ਕਿ ਹੁਣ ਹਾੜ੍ਹੀ ਵਿਚ ਕੋਈ ਵੀ ਅਜਿਹੀ ਕਿਸਮ ਨਾ ਬੀਜੀ ਜਾਵੇ ਜਿਸ ਦੀ ਸਿਫਾਰਸ਼ ਨਹੀਂ ਕੀਤੀ ਗਈ। ਝੋਨੇ ਵਾਂਗ ਹੀ ਪੰਜਾਬ ਵਿਚ ਕਣਕ ਦੀ ਕਿਸੇ ਵੀ ਦੋਗਲੀ ਕਿਸਮ ਬੀਜਣ ਦੀ ਸਿਫਾਰਸ਼ ਨਹੀਂ ਕੀਤੀ ਗਈ ਹੈ।



ਕਿਸਾਨਾਂ ਦੀ ਜਾਣਕਾਰੀ ਲਈ ਹਾੜੀ ਦੀ ਫਸਲਾਂ ਲਈ ਸਿਫਾਰਸ਼ ਕੀਤੀਆਂ ਮੁੱਖ ਕਿਸਮਾਂ ਬਾਰੇ ਇਥੇ ਜਾਣਕਾਰੀ ਦਿੱਤੀ ਗਈ ਹੈ। ਪੰਜਾਬ ਵਿਚ ਕਾਸ਼ਤ ਲਈ ਪੀ ਬੀ ਡਬਲਯੂ 677 ਐੱਚ ਡੀ 3086, ਪੀ ਬੀ ਡਬਲਯੂ 826 ਅਤੇ ਪੀ ਬੀ ਡਬਲਯੂ 869 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਪੀ ਬੀ ਡਬਲਯੂ 826 ਦਾ ਝਾੜ ਕੋਈ 24 ਕੁਇੰਟਲ ਪ੍ਰਤੀ ਏਕੜ ਹੈ। ਜ਼ਿੰਕ ਦੀ ਵਧੇਰੇ ਮਾਤਰਾ ਵਾਲੀ ਇਕ ਕਿਸਮ ਪੀ ਬੀ ਡਬਲਯੂ ਜ਼ਿੰਕ 2 ਹੈ ਦੀ ਸਿਫਾਰਸ਼ ਕੀਤੀ ਗਈ ਹੈ। ਡਬਲਯੂ ਐਚ ਡੀ 943, ਪੀ ਬੀ ਡਬਲਯੂ-291 ਵਡਾਣਕ ਕਣਕ ਦੀਆਂ ਕਿਸਮਾਂ ਹਨ। ਮੌਸਮ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਵੇਖਦਿਆਂ ਹੋਇਆਂ ਸਾਰੇ ਰਕਬੇ ਵਿਚ ਇਕ ਕਿਸਮ ਨਾ ਬੀਜੀ ਜਾਵੇ ਸਗੋਂ ਦੋ ਜਾਂ ਤਿੰਨ ਕਿਸਮਾਂ ਬੀਜਣੀਆਂ ਚਾਹੀਦੀਆਂ ਹਨ।

ਝੋਨੇ ਦੀ ਵਾਢੀ ਪਿਛੋਂ ਪਰਾਲੀ ਨੂੰ ਅੱਗ ਲਾਉਣਾ ਕਾਨੂੰਨੀ ਜ਼ੁਰਮ ਹੈ। ਇਸ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਅਤੇ ਧਰਤੀ ਦੀ ਸਿਹਤ ਖਰਾਬ ਹੁੰਦੀ ਹੈ। ਜੇਕਰ ਕਣਕ ਦੀ ਵਾਢੀ ਕੰਬਾਈਨ ਨਾਲ ਕੀਤੀ ਹੈ ਅਤੇ ਖੇਤ ਵਿਚ ਠੀਕ ਨਮੀਂ ਹੈ ਤਾਂ ਹੈਪੀ ਸੀਡਰ ਨਾਲ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਖੇਤ ਵਿਚ ਖੜ੍ਹੀ ਪਰਾਲੀ ਨੂੰ ਕਟਣ ਵਾਲੀ ਮਸ਼ੀਨ ਨਾਲ ਕੱਟ ਕੇ ਖੇਤ ਵਿਚ ਖਿਲਾਰਿਆ ਜਾ ਸਕਦਾ ਹੈ। ਮੁੜ ਖੇਤ ਦੀ ਵਹਾਈ ਕਰਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਇਕ ਏਕੜ ਦੀ ਬਿਜਾਈ ਲਈ 40 ਕਿਲੋ ਬੀਜ ਦੀ ਲੋੜ ਪੈਂਦੀ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਕਣਕ ਲਈ ਜੈਵਿਕ ਖਾਦ ਤਿਆਰ ਕੀਤੀ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਇਸ ਦਾ ਟੀਕਾ ਜ਼ਰੂਰ ਲਗਾ ਲਵੋ। ਇਸ ਨਾਲ ਝਾੜ ਵਿਚ ਵਾਧਾ ਹੁੰਦਾ ਹੈ ਅਤੇ ਧਰਤੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ। ਬਿਜਾਈ ਸਮੇਂ ਲਾਈਨਾਂ ਵਿਚਕਾਰ 20 ਸੈਂ.ਮੀਟਰ ਦਾ ਫਾਸਲਾ ਰੱਖਿਆ ਜਾਵੇ। ਜੇਕਰ ਦੋਪਾਸੀ ਬਿਜਾਈ ਕੀਤੀ ਜਾਵੇ ਤਾਂ ਝਾੜ ਵਿਚ ਹੋਰ ਵੀ ਵਾਧਾ ਹੋ ਸਕਦਾ ਹੈ। ਜੇਕਰ ਬਿਜਾਈ ਵੱਟਾਂ ਉੱਤੇ ਕੀਤੀ ਜਾਵੇ ਤਾਂ ਇਸ ਨਾਲ ਪਾਣੀ ਤੇ ਖਾਦਾਂ ਦੀ ਬੱਚਤ ਹੁੰਦੀ ਹੈ ਅਤੇ ਝਾੜ ਵਿਚ ਵਾਧਾ ਹੁੰਦਾ ਹੈ।

ਖਾਦਾਂ ਦੀ ਵਰਤੋਂ ਮਿੱਟੀ ਪਰਖ ਅਨੁਸਾਰ ਕਰਨੀ ਚਾਹੀਦੀ ਹੈ। ਆਮ ਕਰਕੇ ਦਰਮਿਆਨੀਆਂ ਜ਼ਮੀਨਾਂ ਲਈ 110 ਕਿਲੋ ਯੂਰੀਆ, 155 ਕਿਲੋ ਸੁਪਰਫਾਸਫੇਟ ਅਤੇ 20 ਕਿਲੋ ਮੂਰੀਏਟ ਆਫ ਪੋਟਾਸ਼ ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਗਈ ਹੈ। ਜੇਕਰ ਝੋਨੇ ਦੀ ਫੱਕ ਜਾਂ ਗੰਨੇ ਦੇ ਛਿਲਕੇ ਦੀ ਰਾਖ ਮਿਲ ਸਕੇ ਤਾਂ ਇਹ ਚਾਰ ਟਨ ਪ੍ਰਤੀ ਏਕੜ ਪਾ ਦੇਣੀ ਚਾਹੀਦੀ ਹੈ। ਇਸ ਨਾਲ ਸੁਪਰਫਾਸਫੇਟ ਅੱਧੀ ਪਾਉਣੀ ਪਵੇਗੀ। ਇਸ ਧਰਤੀ ਦੀ ਸਿਹਤ ਵੀ ਠੀਕ ਕਰਦੀ ਹੈ। ਅੱਧਾ ਯੂਰੀਆ, ਸਾਰੀ ਫਾਸਫੋਰਸ ਅਤੇ ਪੋਟਾਸ਼ ਬਿਜਾਈ ਸਮੇਂ ਪਾਵੇ। ਬਾਕੀ ਦਾ ਯੂਰੀਆ ਪਹਿਲੇ ਪਾਣੀ ਨਾਲ ਪਾਉਣਾ ਚਾਹੀਦਾ ਹੈ। ਜੇਕਰ ਬਿਜਾਈ ਹੈਪੀ ਸੀਡਰ ਨਾਲ ਕੀਤੀ ਗਈ ਹੈ ਤਾਂ 44 ਕਿਲੋ ਯੂਰੀਆ ਪਹਿਲੇ ਪਾਣੀ ਨਾਲ ਅਤੇ ਇਤਨਾ ਹੀ ਯੂਰੀਆ ਦੂਜੇ ਪਾਣੀ ਨਾਲ ਪਾਉਣਾ ਚਾਹੀਦਾ ਹੈ। ਨਦੀਨਾਂ ਦੀ ਰੋਕਥਾਮ ਲਈ ਪਹਿਲਾ ਪਾਣੀ ਦੇਣ ਤੋਂ ਪਹਿਲਾਂ ਇਕ ਗੋਡੀ ਕਰੋ। ਜੇਕਰ ਗੋਡੀ ਨਾ ਕੀਤੀ ਜਾ ਸਕਦੀ ਹੋਵੇ ਤਾਂ ਨਦੀਨਾਂ ਅਨੁਸਾਰ ਢੁੱਕਵੇਂ ਨਦੀਨ ਨਾਸ਼ਕਾਂ ਦੀ ਮਾਹਿਰਾਂ ਦੀਆਂ ਹਿਦਾਇਤਾਂ ਅਨੁਸਾਰ ਵਰਤੋਂ ਕਰੋ।

ਜੇਕਰ ਬਿਜਾਈ ਪਿਛੇਤੀ ਹੋ ਜਾਵੇ ਤਾਂ ਪਿਛੇਤੀਆਂ ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ। ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ-771 ਅਤੇ ਪੀ ਬੀ ਡਬਲਯੂ-757 ਅਤੇ ਪੀ ਬੀ ਡਬਲਯੂ-752 ਦੀ ਸਿਫਾਰਸ਼ ਕੀਤੀ ਗਈ ਹੈ। ਇਸ ਦਾ ਝਾੜ 19 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਬਿਜਾਈ ਸਮੇਂ ਖੇਤ ਵਿਚ ਪੂਰੀ ਨਮੀਂ ਹੋਣੀ ਚਾਹੀਦੀ ਹੈ। ਕਣਕ ਉੱਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ ਪਰ ਖੇਤਾਂ ਵਿਚ ਗੇੜਾ ਜ਼ਰੂਰ ਮਾਰਦੇ ਰਹਿਣਾ ਚਾਹੀਦਾ ਹੈ। ਜੇਕਰ ਕੋਈ ਹਮਲਾ ਨਜ਼ਰ ਆਵੇ ਤਾਂ ਮਾਹਿਰਾਂ ਦੀ ਸਲਾਹ ਅਨੁਸਾਰ ਰੋਕਥਾਮ ਕੀਤੀ ਜਾਵੇ। ਪੂਰਾ ਧਿਆਨ ਰੱਖਿਆਂ ਹੀ ਪੂਰਾ ਝਾੜ ਪ੍ਰਾਪਤ ਹੋ ਸਕਦਾ ਹੈ।

ਸਿੰਚਾਈ ਸਹੂਲਤਾਂ ਵਿਚ ਵਾਧਾ ਹੋਣ ਕਰਕੇ ਹਾੜ੍ਹੀ ਦੀਆਂ ਦੂਜੀਆਂ ਫਸਲਾਂ ਜੌਂ, ਛੋਲੇ, ਮਸਰ, ਸਰ੍ਹੋਂ, ਅਲਸੀ ਆਦਿ ਹੇਠ ਰਕਬਾ ਬਹੁਤ ਘੱਟ ਗਿਆ ਹੈ। ਕਦੇ ਕਿਸਾਨ ਘਰ ਦੀ ਲੋੜ ਪੂਰੀ ਕਰਨ ਲਈ ਇਨ੍ਹਾਂ ਫਸਲਾਂ ਦੀ ਕਾਸ਼ਤ ਜ਼ਰੂਰ ਕਰਦੇ ਸਨ। ਹੁਣ ਬਹੁਤੇ ਕਿਸਾਨ ਦਾਲਾਂ ਅਤੇ ਤੇਲ ਬਜਾਰ ਤੋਂ ਹੀ ਮੁੱਲ ਲੈਂਦੇ ਸਨ। ਨਵੀਆਂ ਕਿਸਮਾਂ ਆ ਗਈਆਂ ਹਨ ਇਸੇ ਕਰਕੇ ਕੁਝ ਰਕਬੇ ਵਿਚ ਇਨ੍ਹਾਂ ਫਸਲਾਂ ਦੀ ਕਾਸ਼ਤ ਜ਼ਰੂਰ ਕਰਨੀ ਚਾਹੀਦੀ ਹੈ। ਜੌਆਂ ਹੇਠ ਹੁਣ ਛੇ ਹਜ਼ਾਰ ਹੈਕਟਰ ਤੋਂ ਵੀ ਘੱਟ ਰਕਬਾ ਹੈ। ਡੀ ਡਬਲਯੂ ਆਰ ਬੀ 123 ਕਿਸਮਾਂ ਦਾ ਝਾੜ 19 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਪੀ ਐਲ 891 ਕਿਸਮ ਛਿਲਕਾ ਰਹਿਤ ਹੈ। ਇਸ ਵਿਚ 12% ਪ੍ਰੋਟੀਨ ਹੁੰਦੀ ਹੈ। ਦਾਣਿਆਂ ਨੂੰ ਭੁੰਨ ਕੇ ਜਾਂ ਆਟਾ ਬਣਾ ਕੇ ਵਰਤਿਆ ਜਾ ਸਕਦਾ ਹੈ। ਛੋਲੇ ਹਾੜ੍ਹੀ ਦੀ ਪ੍ਰਮੁੱਖ ਦਾਲ ਹੈ ਪਰ ਇਸ ਦੀ ਕਾਸ਼ਤ ਕੇਵਲ ਦੋ ਹਜ਼ਾਰ ਹੈਕਟੇਅਰ ਵਿਚ ਹੀ ਕੀਤੀ ਜਾਂਦੀ ਹੈ। ਦੇਸੀ ਛੋਲਿਆਂ ਦੀਆਂ ਪੀ ਬੀ ਜੀ-10, ਪੀ ਬੀ ਜੀ-7 ਕਿਸਮਾਂ ਦੀ ਬਿਜਾਈ ਸਾਰੇ ਸੂਬੇ ਵਿਚ ਕੀਤੀ ਜਾ ਸਕਦੀ ਹੈ। ਇਨ੍ਹਾਂ ਦਾ ਝਾੜ ਅੱਠ ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਕਾਬਲੀ ਜਾਂ ਚਿੱਟੇ ਛੋਲਿਆਂ ਦੀ ਐੱਲ 552 ਕਿਸਮ ਦੀ ਸਿਫਾਰਸ਼ ਕੀਤੀ ਗਈ ਹੈ। ਇਕ ਏਕੜ ਲਈ 30 ਕਿਲੋ ਬੀਜ ਕਾਫੀ ਹੁੰਦਾ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਜੀਵਾਣੂ ਖਾਦ ਦਾ ਟੀਕਾ ਲਗਾ ਲੈਣਾ ਚਾਹੀਦਾ ਹੈ। ਛੋਲੇ ਧਰਤ ਦੀ ਸਿਹਤ ਵਿਚ ਵੀ ਸੁਧਾਰ ਕਰਦੇ ਹਨ। ਮਸਰ ਹਾੜੀ ਦੀ ਆਮ ਵਰਤੀ ਜਾਣ ਵਾਲੀ ਇਕ ਹੋਰ ਦਾਲ ਹੈ ਪਰ ਇਸ ਹੇਠ ਕੇਵਲ ਨਾਮ ਮਾਤਰ ਰਕਬਾ ਹੀ ਰਹਿ ਗਿਆ ਹੈ। ਐਲ ਐਲ-1373, ਐਲ ਐਲ-931 ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇਨ੍ਹਾਂ ਤੋਂ ਪੰਜ ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਹੋ ਜਾਂਦਾ ਹੈ। ਐੱਲ ਐਲ-1373 ਲਈ 18 ਕਿਲੋ ਬੀਜ ਤੇ ਦੂਜੀ ਕਿਸਮ ਲਈ 15 ਕਿਲੋ ਬੀਜ ਪ੍ਰਤੀ ਏਕੜ ਪਾਵੋ। ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਜਰੂਰ ਲਗਾ ਲੈਣਾ ਚਾਹੀਦਾ ਹੈ।

ਸਰ੍ਹੋਂ ਦੇ ਤੇਲ ਦੀ ਵਰਤੋਂ ਹਰੇਕ ਘਰ ਵਿਚ ਕੀਤੀ ਜਾਂਦੀ ਹੈ। ਪਰ ਪੰਜਾਬ ਵਿਚ ਪਿਛਲੇ ਸਾਲ ਤੇਲ ਬੀਜਾਂ ਹੇਠ ਮਸਾਂ 45 ਹਜ਼ਾਰ ਹੈਕਟੇਅਰ ਰਕਬਾ ਸੀ। ਰਾਇਆ ਅਤੇ ਗੋਭੀ ਸਰ੍ਹੋਂ ਦੀ ਬਿਜਾਈ ਲਈ ਇਹ ਢੁੱਕਵਾਂ ਮਹੀਨਾ ਹੈ। ਪੀ ਆਰ ਐਚ-127, ਆਰ ਸੀ ਐਚ 1 ਅਤੇ ਪੀ ਐਚ ਆਰ-126 ਕੁਝ ਰਾਇਆ ਦੀਆਂ ਉੱਨਤ ਕਿਸਮਾਂ ਹਨ। ਇਨ੍ਹਾਂ ਤੋਂ ਨੌਂ ਕੁਇੰਟਲ ਤੋਂ ਵੱਧ ਪ੍ਰਤੀ ਏਕੜ ਦੇ ਹਿਸਾਬ ਝਾੜ ਪ੍ਰਾਪਤ ਹੋ ਜਾਂਦਾ ਹੈ। ਪੀ ਜੀ ਐਸ ਐਚ-2155, ਪੀ ਜੀ ਐਸ ਐਚ-1707 ਅਤੇ ਜੀ ਐਸ ਸੀ 7 ਗੋਭੀ ਸਰ੍ਹੋਂ ਦੀਆਂ ਉੱਨਤ ਕਿਸਮਾਂ ਹਨ। ਇਨ੍ਹਾਂ ਤੋਂ ਵੀ ਨੌਂ ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਹੋ ਸਕਦਾ ਹੈ। ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਜਰੂਰ ਲਗਾਵੋ। ਇਕ ਏਕੜ ਵਿਚ ਡੇਢ ਕਿਲੋ ਬੀਜ ਦੀ ਵਰਤੋਂ ਕਰੋ। ਅਲਸੀ ਦੀਆਂ ਐਲ ਸੀ 2063 ਅਤੇ ਐਲ ਸੀ 2023 ਉੱਨਤ ਕਿਸਮਾਂ ਹਨ। ਕਤਕ ਵਿਚ ਹਾੜੀ ਦੀਆਂ ਫਸਲਾਂ ਦੀ ਬਿਜਾਈ ਪੂਰੀ ਕਰਨ ਦਾ ਯਤਨ ਕੀਤਾ ਜਾਵੇ ਤਾਂ ਜੋ ਪੂਰੀ ਝਾੜ ਪ੍ਰਾਪਤ ਹੋ ਸਕੇ।

# ਕਣਕ ਦੀ ਜੈਵਿਕ ਕਾਸ਼ਤ




**ਫਸਲਾਂ ਦੇ ਜੈਵਿਕ ਉਤਪਾਦਨ ਲਈ ਹਰੀ ਖਾਦ, ਫਸਲੀ ਚੱਕਰ, ਜੈਵਿਕ ਖਾਦ, ਕੰਪੋਸਟ ਅਤੇ ਬਾਇਓ-ਕੀਟ ਪ੍ਰਬੰਧਨ ਦੀ ਵਰਤੋਂ ਕੀਤੀ ਜਾਂਦੀ ਹੈ। ਫਸਲਾਂ ਨੂੰ ਪੋਸ਼ਣ ਪ੍ਰਦਾਨ ਕਰਨ ਦੀ ਬਜਾਏ ਮਿੱਟੀ ਦੀ ਸਿਹਤ ਵਿਚ ਸੁਧਾਰ ਲਿਆਉਣ ਲਈ ''ਮਿੱਟੀ ਨੂੰ ਖੁਰਾਕ ਦਿਓ, ਨਾ ਕਿ ਫਸਲ ਨੂੰ' ਦੇ ਸਿਧਾਂਤ ਤੇ ਜ਼ੋਰ ਦਿਤਾ ਜਾਂਦਾ ਹੈ। ਪੰਜਾਬ ਵਿਚ ਜ਼ਿਆਦਾਤਰ ਕਿਸਾਨ ਹਾੜ੍ਹੀ ਵਿਚ ਜੈਵਿਕ ਕਣਕ ਦੀ ਬਿਜਾਈ ਕਰਦੇ ਹਨ ਕਿਉਂਕਿ ਇਸ ਦੀ ਮੰਗ ਜ਼ਿਆਦਾ ਹੈ ਅਤੇ ਇਹ ਵੱਧ ਮੁੱਲ ਤੇ ਵਿਕ ਜਾਂਦੀ ਹੈ। ਪੰਜਾਬ ਵਿਚ ਰਵਾਇਤੀ ਖੇਤੀ ਕਰਨ ਵਾਲੇ ਕਿਸਾਨਾਂ ਨੇ ਵੀ ਘਰੇਲੂ ਵਰਤੋਂ ਲਈ ਜੈਵਿਕ ਕਣਕ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ ਹੈ। ਜੈਵਿਕ ਕਣਕ ਦੀ ਸਫਲ ਕਾਸ਼ਤ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ।**

**ਅਮਨਦੀਪ ਸਿੰਘ ਸਿੱਧੂ, ਅਮਨਪ੍ਰੀਤ ਸਿੰਘ ਅਤੇ ਸੋਹਣ ਸਿੰਘ ਵਾਲੀਆ, ਸਕੂਲ ਆਫ ਆਰਗੈਨਿਕ ਫਾਰਮਿੰਗ** (ਮੋ. 70875-96648)

**ਖੇਤ ਦੀ ਚੋਣ** : ਜੈਵਿਕ ਖੇਤੀ ਲਈ ਸਭ ਤੋਂ ਉਪਜਾਊ ਖੇਤ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਇਸਦੀ ਚੋਣ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਲੋੜ ਪੈਣ ਤੇ ਆਉਣ ਵਾਲੇ ਸਾਲਾਂ ਵਿਚ ਜੈਵਿਕ ਖੇਤੀ ਹੇਠ ਰਕਬੇ ਵਿਚ ਵਾਧਾ ਕੀਤਾ ਜਾ ਸਕੇ। ਜੈਵਿਕ ਖੇਤ ਦੇ ਆਲੇ ਦੁਆਲੇ ਜੇ ਕੁਦਰਤੀ ਵਖਰੇਵਾਂ ਜਿਵੇਂ ਸੜਕ, ਨਹਿਰ ਜਾਂ ਖਾਲ ਆਦਿ ਹੋਵੇ ਤਾਂ ਠੀਕ ਹੈ ਨਹੀਂ ਤਾਂ ਜੈਵਿਕ ਤਸਦੀਕੀਕਰਨ ਕਰਵਾਉਣ ਲਈ ਦੂਸਰੇ ਖੇਤਾਂ ਤੋਂ ਵਖਰੇਵੇਂ ਲਈ ਕੋਈ ਹੋਰ ਫਸਲ ਜਿਵੇਂ ਸਰ੍ਹੋਂ ਜਾਂ ਸੁਰਾਬੂਲ ਦੀ ਵਾੜ ਆਦਿ ਲਗਾਉਣ ਦੀ ਲੋੜ ਪੈਂਦੀ ਹੈ। ਜੈਵਿਕ ਖੇਤੀ ਥੋੜੇ ਸਮੇਂ ਲਈ ਠੇਕੇ ਉੱਤੇ ਲਈ ਜ਼ਮੀਨ 'ਤੇ ਨਹੀਂ ਸ਼ੁਰੂ ਕਰਨੀ ਚਾਹੀਦੀ ਕਿਉਂਕਿ ਤਿੰਨ ਸਾਲ ਬਾਅਦ ਖੇਤ ਨੂੰ ਜੈਵਿਕ ਪ੍ਰਮਾਣਤ ਕੀਤਾ ਜਾਂਦਾ ਹੈ।




**ਕਿਸਮਾਂ ਅਤੇ ਬੀਜ ਦੀ ਚੋਣ** : ਆਮ ਤੌਰ ਕੇ ਕਿਸਾਨ ਕਣਕ ਦੀਆਂ ਦੇਸੀ ਕਿਸਮਾਂ ਬਾਰੇ ਪੁੱਛਗਿੱਛ ਕਰਦੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਜੈਵਿਕ ਖੇਤੀ ਵਿਚ ਸੁਧਰੀਆਂ ਕਿਸਮਾਂ ਬੀਜਣ ਦੀ ਆਗਿਆ ਨਹੀ ਹੈ। ਕਿਸਾਨਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਯੂਨੀਵਰਸਿਟੀ ਵੱਲੋਂ ਸਿਫਾਰਸ਼ ਸੁਧਰੀਆਂ ਕਿਸਮਾਂ ਵਿੱਚੋਂ ਕੋਈ ਵੀ ਕਿਸਮ ਜੈਵਿਕ ਖੇਤੀ ਅਧੀਨ ਬੀਜੀ ਜਾ ਸਕਦੀ ਹੈ ਪਰ ਪੀ ਬੀ ਡਬਲਯੂ-1 ਚਪਾਤੀ ਕਿਸਮ ਨੂੰ ਤਰਜੀਹ ਦਿਉ ਕਿਉਂਕਿ ਇਸਦੇ ਆਟੇ ਦੀ ਰੋਟੀ ਸਵਾਦ ਬਣਦੀ ਹੈ।

**ਫਸਲੀ ਚੱਕਰ** : ਕਣਕ ਤੋਂ ਵੱਧ ਝਾੜ ਲੈਣ ਲਈ ਸਾਉਣੀ ਰੁੱਤ ਦੀ ਮੂੰਗੀ-ਕਣਕ-ਗਰਮੀ ਰੁੱਤ ਦੀ ਮੂੰਗੀ ਦੇ ਫਸਲੀ ਚੱਕਰ ਨੂੰ ਤਰਜੀਹ ਦਿਉ।

**ਬੀਜ ਦੀ ਮਾਤਰਾ ਅਤੇ ਬਿਜਾਈ ਦਾ ਸਮਾਂ** : ਉੱਨਤ ਪੀ ਬੀ ਡਬਲਯੂ-550 ਅਤੇ ਪੀ ਬੀ ਡਬਲਯੂ-869 ਲਈ ਚੰਗੀ ਤਰ੍ਹਾਂ ਸਾਫ ਕੀਤਾ ਹੋਇਆ 45 ਕਿਲੋ ਬੀਜ ਪ੍ਰਤੀ ਏਕੜ ਅਤੇ ਬਾਕੀ ਕਿਸਮਾਂ ਲਈ 40 ਕਿਲੋ ਬੀਜ ਵਰਤੋ। ਜੇ ਪੰਛੀਆਂ ਜਾਂ ਸਿਉਂਕ ਦੇ ਨੁਕਸਾਨ ਦਾ ਡਰ ਹੋਵੇ ਤਾਂ ਬੀਜ ਦੀ ਮਾਤਰਾ ਵਧਾਈ ਜਾ ਸਕਦੀ ਹੈ। ਜੈਵਿਕ ਕਣਕ ਨੂੰ ਬੀਜਣ ਦਾ ਸਮਾਂ ਰਵਾਇਤੀ ਕਣਕ ਵਾਲਾ ਹੀ ਹੈ।

**ਬਿਜਾਈ ਦਾ ਢੰਗ** : ਕਣਕ ਨੂੰ ਕਿਸੇ ਵੀ ਰਵਾਇਤੀ ਢੰਗ ਨਾਲ ਬੀਜਿਆ ਜਾ ਸਕਦਾ ਹੈ। ਪਰ ਚੰਗੇ ਨਦੀਨ ਪ੍ਰਬੰਧ ਲਈ ਕਣਕ ਨੂੰ ਬੈੱਡ ਪਲਾਂਟਰ ਨਾਲ ਬੈੱਡਾਂ ਉੱਤੇ (37.5 ਸੈ.ਮੀ. ਚੌੜੇ ਬੈੱਡ ਉੱਤੇ 2 ਕਤਾਰਾਂ ਅਤੇ ਦੋ ਬੈੱਡਾਂ ਵਿਚਕਾਰ 30 ਸੈ.ਮੀ. ਚੌੜੀ ਖਾਲੀ) ਬੀਜੋ।

**ਬੀਜ ਦੀ ਸੋਧ** : ਬੀਜ ਨੂੰ ਕਿਸੇ ਵੀ ਰਸਾਇਣ ਨਾਲ ਨਹੀਂ ਸੋਧਣਾ। ਕਾਂਗਿਆਰੀ ਦੀ ਰੋਕਥਾਮ ਲਈ ਮਈ-ਜੂਨ ਦੇ ਮਹੀਨੇ ਕਣਕ ਦੇ ਬੀਜ ਨੂੰ ਧੁੱਪ ਵਾਲੇ ਦਿਨ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ ਦੇ 12 ਵਜੇ ਤੱਕ ਪਾਣੀ ਵਿਚ ਭਿਉਂ ਕੇ ਰੱਖੋ। ਫਿਰ ਬੀਜ ਨੂੰ ਪਾਣੀ ਵਿੱਚੋਂ ਕੱਢ ਕੇ ਪੱਕੇ ਫਰਸ਼ ਉੱਤੇ ਚਟਾਈ ਜਾਂ ਤਰਪਾਲ ਉੱਪਰ ਧੁੱਪ ਵਿਚ ਸੁੱਕਣੇ ਪਾ ਦਿਓ। ਬੀਜ ਦੀ ਤਹਿ ਪਤਲੀ ਰੱਖੋ। ਕਣਕ ਦੀ ਚੰਗੀ ਤਰ੍ਹਾਂ ਸੁਕਾ ਕੇ ਖੁਸ਼ਕ ਥਾਂ ਤੇ ਰੱਖੋ।

**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : 500 ਗ੍ਰਾਮ ਕਨਸ਼ੋਰਸ਼ੀਅਮ ਜਾਂ 250 ਗ੍ਰਾਮ ਸਟਰੈਪਟੋਮਾਈਸੀਜ਼ ਜੀਵਾਣੂੰ ਖਾਦਾਂ (ਐਜ਼ੋ-ਐਸ) ਨੂੰ ਇਕ ਲਿਟਰ ਪਾਣੀ ਵਿਚ ਮਿਲਾ ਕੇ ਕਣਕ ਦੇ ਪ੍ਰਤੀ ਏਕੜ ਬੀਜ ਨਾਲ ਚੰਗੀ ਤਰ੍ਹਾਂ ਮਿਲਾ ਲਉ। ਸੋਧੇ ਬੀਜ ਨੂੰ ਪੱਕੇ ਫਰਸ਼ ਤੇ ਖਿਲਾਰ ਕੇ ਛਾਵੇਂ ਸੁਕਾ ਲਉ ਅਤੇ ਛੇਤੀ ਬੀਜ ਦਿਉ। ਬੀਜ ਨੂੰ ਜੀਵਾਣੂੰ ਟੀਕਾ ਲਾਉਣਾ ਨਾਲ ਝਾੜ ਵੱਧਦਾ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਵਾਧਾ ਹੁੰਦਾ ਹੈ। ਇਹ ਟੀਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਵੱਖ-ਵੱਖਰੇ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰਾਂ/ਫਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦੇ ਹਨ।

**ਜੈਵਿਕ ਖਾਦਾਂ** : 8, 12 ਅਤੇ 16 ਟਨ ਗਲੀ ਸੜੀ ਰੂੜੀ ਪ੍ਰਤੀ ਏਕੜ ਕ੍ਰਮਵਾਰ ਜੈਵਿਕ ਮਾਦੇ ਦੇ ਪੱਖੋਂ ਭਾਰੀ, ਦਰਮਿਆਨੀ ਅਤੇ ਹਲਕੀ ਜ਼ਮੀਨ ਵਿਚ ਪਾਉ। ਕਣਕ ਦੀ 50 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਦੀ ਲੋੜ ਨੂੰ ਰੂੜੀ, ਗੰਡੋਆ ਖਾਦ ਅਤੇ ਰਿੰਡ ਦੀ ਖੱਲ ਨੂੰ ਵਰਤ ਕੇ ਵੀ ਪੂਰਾ ਕੀਤਾ ਜਾ ਸਕਦਾ ਹੈ। ਇਸ ਲਈ 17 ਕੁਇੰਟਲ ਸੁੱਕੀ ਰੂੜੀ ਦੀ ਖਾਦ (1.0 ਪ੍ਰਤੀਸ਼ਤ ਨਾਈਟ੍ਰੋਜਨ), 11 ਕੁਇੰਟਲ ਗੰਡੋਆ ਖਾਦ (1.5 ਪ੍ਰਤੀਸ਼ਤ ਨਾਈਟ੍ਰੋਜਨ) ਅਤੇ 7.0 ਕੁਇੰਟਲ ਰਿੰਡ ਦੀ ਖਲ (2.5 ਪ੍ਰਤੀਸ਼ਤ ਨਾਈਟ੍ਰੋਜਨ) ਪ੍ਰਤੀ ਏਕੜ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਜੈਵਿਕ ਮੱਕੀ ਜਾਂ ਸੋਇਆਬੀਨ ਤੋਂ ਬਾਅਦ ਬੀਜੀ ਕਣਕ ਨੂੰ ਜੈਵਿਕ ਖੇਤੀ ਸ਼ੁਰੂ ਕਰਨ ਦੇ ਪਹਿਲੇ ਪੰਜ ਸਾਲ 8 ਟਨ ਸੁੱਕੀ ਹੋਈ ਗਲੀ ਸੜੀ ਰੂੜੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ਤੇ ਬਾਅਦ ਵਿਚ ਰੂੜੀ ਦੀ ਇਹ ਮਾਤਰਾ 25 ਫੀਸਦੀ ਘਟਾ ਦਿਉ। ਸਾਉਣੀ ਰੁੱਤ ਦੀ ਮੂੰਗੀ-ਕਣਕ-ਗਰਮੀ ਰੁੱਤ ਦੀ ਮੂੰਗੀ ਦੇ ਫਸਲੀ ਚੱਕਰ ਵਿਚ, ਜੈਵਿਕ ਕਣਕ ਦੇ ਖੁਰਾਕੀ ਤੱਤਾਂ ਦੀ ਲੋੜ ਨੂੰ ਬਿਜਾਈ ਦੇ ਸਮੇਂ 5 ਟਨ ਪ੍ਰਤੀ ਏਕੜ ਸੁੱਕੀ ਅਤੇ ਗਲੀ ਸੜੀ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

----------------------------------

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 45
ਮਿਤੀ 09-11-2024



**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਪਰਾਲੀ ਜ਼ਮੀਨ ਵਿੱਚ ਵਾਹੁਣ ਨਾਲ ਮਿੱਟੀ ਦੀ ਜੈਵਿਕ ਕਾਰਬਨ ਮਾਤਰਾ ਹੁੰਦੀ ਹੈ ਉੱਚਤਮ ਦਰਜੇ ਦੀ - ਖੇਤੀ ਮਾਹਿਰ

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਭੂਮੀ ਅਤੇ ਫ਼ਸਲ ਵਿਗਿਆਨੀਆਂ ਨੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਕਿਸਾਨਾਂ ਨੂੰ ਆਉਂਦੀ ਕਣਕ ਦੀ ਫ਼ਸਲ ਲਈ ਡੀ. ਏ. ਪੀ. ਦੇ ਬਦਲ ਵਜੋਂ ਹੋਰ ਫਾਸਫੋਰਸ ਤੱਤਾਂ ਵਾਲੀਆਂ ਖਾਦਾਂ ਨੂੰ ਬਦਲਵੇਂ ਸਰੋਤਾਂ ਵਜੋਂ

## ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਕਿਸਾਨਾਂ ਨੂੰ ਡੀ.ਏ.ਪੀ. ਦੇ ਬਦਲਵੇਂ ਸਰੋਤਾਂ ਦੀ ਵਰਤੋਂ ਕਰਨ ਦੀ ਸਿਫਾਰਿਸ਼

ਵਰਤਣ ਦਾ ਸੁਝਾਅ ਦਿੱਤਾ ਹੈ। ਇਸ ਸੰਬੰਧੀ ਕੇ. ਵੀ. ਕੇ. ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਵਿਪਨ ਕੁਮਾਰ ਰਾਮਪਾਲ ਨੇ ਕਿਹਾ ਕਿ ਡੀ. ਏ. ਪੀ. ਸਭ ਤੋਂ ਵੱਧ ਫਾਸਫੋਰਸ ਤੱਤ ਵਾਲੀ ਖਾਦ ਹੈ, ਜੋ ਝੋਨੇ-ਕਣਕ ਦੇ ਫ਼ਸਲੀ ਚੱਕਰ ਵਿੱਚ ਵਰਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਡੀ. ਏ. ਪੀ. ਖਾਦ ਦੇ ਕਈ ਬਦਲ ਹਨ, ਜਿਨ੍ਹਾਂ ਨੂੰ ਫਾਸਫੋਰਸ ਤੱਤ ਦੇ ਬਦਲਵੇਂ ਸਰੋਤ ਵਜੋਂ ਵਰਤਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਮੌਸਮ ਕਣਕ ਦੀ ਬਿਜਾਈ ਲਈ ਢੁੱਕਵਾਂ ਹੈ, ਇਸ ਲਈ ਕਿਸਾਨ ਕਣਕ ਦੀ ਬਿਜਾਈ ਵਿੱਚ ਦੇਰੀ ਨਾ ਕਰਨ।

ਖੇਤੀ ਮਾਹਿਰਾਂ ਨੇ ਦੱਸਿਆ ਕਿ ਡੀ. ਏ. ਪੀ. ਵਿੱਚ 46 ਫੀਸਦੀ ਫਾਸਫੋਰਸ ਅਤੇ 18 ਫੀਸਦੀ ਨਾਈਟਰੋਜਨ ਹੁੰਦੀ ਹੈ। ਇੱਕ ਹੋਰ ਖਾਦ ਐਨ. ਪੀ. ਕੇ. (12 : 32 : 16) ਵਿੱਚ 32 ਫੀਸਦੀ ਫਾਸਫੋਰਸ ਅਤੇ 12 ਫੀਸਦੀ ਨਾਈਟਰੋਜਨ ਤੋਂ ਬਿਨਾਂ 16 ਫੀਸਦੀ ਪੋਟਾਸ਼ੀਅਮ ਦੀ ਮਾਤਰਾ ਪਾਈ ਜਾਂਦੀ ਹੈ। ਮਾਹਿਰਾਂ ਨੇ ਦੱਸਿਆ ਕਿ ਡੀ. ਏ. ਪੀ. ਦੇ ਇੱਕ ਥੈਲੇ ਪਿੱਛੇ ਐਨ. ਪੀ. ਕੇ. (12:32:16) ਦੇ ਡੇਢ ਥੈਲੇ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਡੀ. ਏ. ਪੀ. ਦੇ ਤੀਸਰੇ ਬਦਲ ਵਜੋਂ ਸਿੰਗਲ ਸੁਪਰ ਫਾਸਫੇਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸਿੰਗਲ ਸੁਪਰਫਾਸਫੇਟ ਵਿੱਚ 16 ਫੀਸਦੀ ਫਾਸਫੋਰਸ ਤੱਤ ਮਿਲਦਾ ਹੈ ਅਤੇ ਇਸ ਦੇ ਤਿੰਨ ਥੈਲਿਆਂ ਨਾਲ ਫਾਸਫੋਰਸ ਤੱਤ ਦੀ ਪੂਰਤੀ ਤੋਂ ਬਿਨਾਂ 18 ਕਿਲੋ ਗੰਧਕ ਵੀ ਕਣਕ ਦੀ ਫ਼ਸਲ ਨੂੰ ਮਿਲ ਸਕਦੀ ਹੈ। ਹੋਰ ਕਿਹਾ ਕਿ ਟ੍ਰਿਪਲ ਸੁਪਰ ਫਾਸਫੇਟ ਨੂੰ ਬਾਜ਼ਾਰ ਵਿੱਚ ਨਵੀਂ ਖਾਦ ਵਜੋਂ ਵਰਤਿਆ ਜਾ ਸਕਦਾ ਹੈ। ਇਸ ਵਿੱਚ ਡੀ. ਏ. ਪੀ. ਦੇ ਬਰਾਬਰ 46 ਫੀਸਦੀ ਫਾਸਫੋਰਸ ਤੱਤ ਦੀ ਮਾਤਰਾ ਮਿਲਦੀ ਹੈ। ਇਹ ਨਵੀਂ ਉੱਚ ਫਾਸਫੋਰਸ




ਖਾਦ ਹੈ ਅਤੇ ਜ਼ਿਲ੍ਹੇ ਦੇ ਕਈ ਕਿਸਾਨ ਪਹਿਲੀ ਵਾਰ ਇਸ ਦੀ ਵਰਤੋਂ ਕਰ ਰਹੇ ਹਨ। ਮਾਹਿਰਾਂ ਨੇ ਕਿਹਾ ਕਿ ਐਨ. ਪੀ. ਕੇ. (12:32:16) ਡੀ. ਏ. ਪੀ. ਦਾ ਸਭ ਤੋਂ ਵਧੀਆ ਬਦਲ ਹੋ ਸਕਦਾ ਹੈ, ਕਿਉਂਕਿ ਇਸ ਦਾ ਡੇਢ ਬੋਰਾ ਲਗਭਗ ਉਹੀ ਫਾਸਫੋਰਸ ਅਤੇ ਨਾਈਟਰੋਜਨ ਸਮੱਗਰੀ ਦੀ ਸਪਲਾਈ ਕਰਦਾ ਹੈ, ਜੋ ਡੀ. ਏ. ਪੀ. ਦੇ ਬਰਾਬਰ ਹੈ ਅਤੇ ਇਸ ਤੋਂ ਇਲਾਵਾ ਇਹ 23 ਕਿਲੋਗ੍ਰਾਮ ਪੋਟਾਸ਼ ਵੀ ਦਿੰਦਾ ਹੈ। ਹੋਰ ਬਦਲਾਂ ਵਿੱਚ ਐਨ. ਪੀ. ਕੇ. (10:26:26) ਜਾਂ ਹੋਰ ਖਾਦਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਾਹਿਰਾਂ ਨੇ ਕਿਹਾ ਕਿ ਜੇਕਰ ਫਾਸਫੋਰਸ ਤੱਤ ਲਈ ਸਿੰਗਲ ਸੁਪਰ ਫਾਸਫੇਟ ਜਾਂ ਟ੍ਰਿਪਲ ਸੁਪਰ ਫਾਸਫੇਟ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਬਿਜਾਈ ਵੇਲੇ 20 ਕਿਲੋ ਯੂਰੀਆ ਪ੍ਰਤੀ ਏਕੜ ਪਾਈ ਜਾ ਸਕਦੀ ਹੈ।

### ਫ਼ਸਲੀ ਚੱਕਰ ਵਿੱਚ ਬਦਲਾਅ ਦੀ ਤਿਆਰੀ... ਮਾਰਚ 2025 ਤੱਕ ਪੂਰਾ ਹੋਵੇਗਾ ਪ੍ਰੋਜੈਕਟ

# ਲੁਧਿਆਣਾ ਵਿੱਚ ਬਣੇਗਾ ਪੰਜਾਬ ਦਾ ਪਹਿਲਾ ਬਾਗਬਾਨੀ ਵਿਕਾਸ ਕੇਂਦਰ, ਕਿਸਾਨਾਂ ਨੂੰ ਦਿੱਤੀ ਜਾਵੇਗੀ ਟ੍ਰੇਨਿੰਗ

ਕੇਂਦਰ ਸਰਕਾਰ ਨੇ ਪੰਜਾਬ ਵਿੱਚ ਛੋਟੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਨਿਕਾਲਣ ਦੀ ਤਿਆਰੀ ਕੀਤੀ ਹੈ। ਇਸ ਦੇ ਤਹਿਤ ਪੰਜਾਬ ਵਿੱਚ ਪਹਿਲਾ ਬਾਗਬਾਨੀ ਵਿਕਾਸ ਕੇਂਦਰ ਖੋਲ੍ਹਿਆ ਜਾਵੇਗਾ। ਜਨਵਰੀ ਵਿੱਚ ਨੀਂਹ ਪੱਥਰ ਰੱਖਣ ਦੀ ਤਿਆਰੀ ਹੈ। ਮਾਰਚ 2025 ਤੱਕ ਪ੍ਰੋਜੈਕਟ ਪੂਰਾ ਕਰਨ ਦਾ ਟੀਚਾ ਹੈ। ਜਿੱਥੇ ਸਬਜ਼ੀਆਂ ਦਾ ਬੀਜ ਹੱਬ ਬਣਾਇਆ ਜਾਵੇਗਾ। ਕਿਚਨ ਗਾਰਡਨ, ਫਲਾਂ ਦੀ ਨਰਸਰੀ ਦੇ ਡੈਮੋ ਕੇਂਦਰ ਤੋਂ ਕਿਸਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਲਾਡੋਵਾਲ (ਲੁਧਿਆਣਾ) ਵਿੱਚ 76 ਏਕੜ ਵਿੱਚ ਬਣਨ ਵਾਲੇ ਕੇਂਦਰ ਦੇ 60 ਏਕੜ ਵਿੱਚ ਸਬਜ਼ੀਆਂ ਅਤੇ ਫਲਾਂ ਦੀ ਖੇਤੀ ਹੋਵੇਗੀ। ਇਸ 'ਤੇ 7.82 ਕਰੋੜ ਰੁਪਏ ਦਾ ਖਰਚ ਆਏਗਾ।

ਕ੍ਰਿਸ਼ੀ ਵਿਕਾਸ ਯੋਜਨਾ ਦੇ ਤਹਿਤ ਇਹ ਕੇਂਦਰ ਸਰਕਾਰ ਦਾ ਪ੍ਰੋਜੈਕਟ ਹੈ। ਜਿੱਥੇ ਮਸ਼ਰੂਮ ਡੈਮੋ ਯੂਨਿਟ, ਪਲਾਂਟ ਹੈਲਥ ਕਲੀਨਿਕ ਪ੍ਰਯੋਗਸ਼ਾਲਾਵਾਂ, ਫਲਾਂ ਅਤੇ ਸਬਜ਼ੀਆਂ ਲਈ ਬਾਗਬਾਨੀ ਨਰਸਰੀ ਇਕਾਈਆਂ ਬਣਾਈਆਂ ਜਾਣਗੀਆਂ। ਡਰਿੱਪ ਇਰੀਗੇਸ਼ਨ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਟ੍ਰੇਨਿੰਗ ਲੈ ਕੇ ਕਿਸਾਨ ਨਵੇਂ ਪ੍ਰੋਜੈਕਟ ਤਿਆਰ ਕਰ ਸਕਣਗੇ। ਪੰਜਾਬ ਵਿੱਚ ਸਬਜ਼ੀਆਂ ਅਤੇ ਫਲਾਂ ਦੀ ਪੈਦਾਵਾਰ ਵਧਾਉਣ ਵਿੱਚ ਬਾਗਬਾਨੀ ਵਿਕਾਸ ਕੇਂਦਰ ਸਹਾਇਕ ਹੋਵੇਗਾ।

## ਆਲੂ ਦੇ ਪੰਜ ਬੀਜ ਤਿਆਰ ਕੀਤੇ ਜਾਣਗੇ, ਛੋਟੇ ਕਿਸਾਨ ਕਿਰਾਏ 'ਤੇ ਲੈ ਸਕਣਗੇ ਉੱਨਤ ਮਸ਼ੀਨਰੀ

ਬਾਗਬਾਨੀ ਵਿਕਾਸ ਕੇਂਦਰ ਦੇ ਬੀਜ ਹੱਬ ਵਿੱਚ ਆਲੂ 'ਤੇ ਜ਼ਿਆਦਾ ਫੋਕਸ ਹੋਵੇਗਾ। ਆਲੂ ਦੇ 5 ਬੀਜ ਤਿਆਰ ਕੀਤੇ ਜਾਣਗੇ। ਇਸ ਤੋਂ ਇਲਾਵਾ ਸਰਦੀ ਅਤੇ ਗਰਮੀ ਦੀਆਂ ਸਬਜ਼ੀਆਂ ਦੇ 10-10 ਬੀਜ ਤਿਆਰ ਹੋਣਗੇ। ਆਲੂ ਦੀ ਬ੍ਰੀਡ ਸੀ. ਪੀ. ਆਰ. ਆਈ. ਦੇ ਸਹਿਯੋਗ ਨਾਲ ਤਿਆਰ ਹੋਵੇਗੀ, ਜੋ ਕਿ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਅਤੇ ਲੋਕਲ ਵੈਰਾਇਟੀ ਹੋਵੇਗੀ। ਸਬਜ਼ੀਆਂ ਅਤੇ ਫਲਾਂ ਦੀ ਨਰਸਰੀ ਵਿੱਚ ਸਿੰਚਾਈ ਡਰਿੱਪ ਇਰੀਗੇਸ਼ਨ ਰਾਹੀਂ ਹੋਵੇਗੀ। ਮਾਰਕੀਟਿੰਗ ਲਿੰਕੇਜ ਲਈ ਵਿਕਰੀ ਆਊਟਲੇਟ-ਕਿਸਾਨ ਹਟ (ਖੇਤ ਤੋਂ ਗ੍ਰਾਹਕ ਤੱਕ) ਬਾਗਬਾਨੀ ਵਿਕਾਸ ਕੇਂਦਰ, ਕ੍ਰਿਸ਼ੀ ਮਸ਼ੀਨ ਬੈਂਕ ਵੀ ਬਣੇਗਾ। ਬਾਗਬਾਨੀ, ਪਰਾਲੀ ਪ੍ਰਬੰਧਨ, ਆਲੂ ਬਿਜਾਈ ਆਦਿ ਦੀਆਂ ਆਧੁਨਿਕ ਮਸ਼ੀਨਾਂ ਕਿਸਾਨ ਕਿਰਾਏ 'ਤੇ ਲੈ ਸਕਣਗੇ। ਸਬਜ਼ੀ ਨਰਸਰੀ ਟਰਾਂਸਪਲਾਂਟਰ, ਨਿਊਮੇਟਿਕ ਪਲਾਂਟਰ, ਆਲੂ ਪਲਾਂਟਰ, ਸਪਰੇਅਰ ਵਰਗੀਆਂ ਨਵੀਨਤਮ ਮਸ਼ੀਨਰੀ ਦਾ ਪ੍ਰਾਵਧਾਨ ਹੋਵੇਗਾ। ਬਾਗਬਾਨੀ ਵਿਕਾਸ ਕੇਂਦਰ ਬਾਗਬਾਨੀ ਦਾ ਸਟੇਟ ਬਣੇਗਾ। ਇਸ ਤੋਂ ਪਹਿਲਾਂ ਪਠਾਨਕੋਟ ਲੀਚੀ, ਹੁਸ਼ਿਆਰਪੁਰ ਕਿੰਨੂ, ਅੰਮ੍ਰਿਤਸਰ ਨਾਸ਼ਪਾਤੀ ਅਤੇ ਪਟਿਆਲਾ ਅਮਰੂਦ ਸਟੇਟ ਹਨ। ਇੱਥੇ ਗ੍ਰੇਡਿੰਗ, ਵੈਕਸਿੰਗ ਅਤੇ ਪੈਕਿੰਗ ਦੀਆਂ ਸਹੂਲਤਾਂ ਹੋਣਗੀਆਂ।

ਸ਼ੈਲਿੰਦਰ ਕੌਰ, ਡਾਇਰੈਕਟਰ ਬਾਗਬਾਨੀ, ਪੰਜਾਬ ਨੇ ਕਿਹਾ ਕਿ ਬਾਗਬਾਨੀ ਵਿਕਾਸ ਕੇਂਦਰ ਦਾ ਪ੍ਰੋਸੈਸ ਸ਼ੁਰੂ ਹੋ ਚੁੱਕਾ ਹੈ। ਜਿੱਥੇ ਕਿਸਾਨ ਟ੍ਰੇਨਿੰਗ ਲੈ ਸਕਣਗੇ। ਸਬਜ਼ੀ ਬੀਜ ਹਬ ਬਣੇਗਾ। ਉਤਪਾਦਨ ਦੀ ਜਾਣਕਾਰੀ ਦਿੱਤੀ ਜਾਵੇਗੀ। ਪੀ. ਡਬਲਿਊ. ਡੀ. ਐਸਟੀਮੇਟ ਤਿਆਰ ਕਰ ਰਿਹਾ ਹੈ।

# ਹਾੜ੍ਹੀ ਦੀ ਤੰਦਰੁਸਤ ਫਸਲ ਲਈ ਬੀਜ ਸੋਧ ਜ਼ਰੂਰੀ



**ਸਿਮਰਨਜੀਤ ਕੌਰ, ਗੁਰਮੇਲ ਸਿੰਘ ਅਤੇ ਇੰਦਰਪ੍ਰੀਤ ਕੌਰ ਬੋਪਾਰਾਏ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ**
(ਮੋ. 70095-73511)

ਇਸ ਲੇਖ ਰਾਹੀਂ ਹਾੜ੍ਹੀ ਦੀਆਂ ਮੁੱਖ ਫਸਲਾਂ ਵਿਚ ਉੱਲੀਨਾਸ਼ਕਾਂ, ਕੀਟਨਾਸ਼ਕਾਂ ਅਤੇ ਜੀਵਾਣੂੰ ਖਾਦ ਦੇ ਟੀਕੇ ਨਾਲ ਬੀਜ ਸੋਧ ਸਬੰਧੀ ਜਾਣਕਾਰੀ ਦਿੱਤੀ ਗਈ ਹੈ।

**ੳ) ਕੀਟਨਾਸ਼ਕਾਂ ਨਾਲ ਬੀਜ ਦੀ ਸੋਧ**

**ਸਿਉਂਕ** : ਕਣਕ ਵਿਚ ਇਸ ਦੀ ਰੋਕਥਾਮ ਲਈ ਬੀਜ ਨੂੰ ਜਾਂ 4 ਮਿ.ਲਿ. ਡਰਸਬਾਨ/ਰੂਬਾਨ/ਡਰਮਟ 20 ਈ ਸੀ (ਕਲੋਪਾਈਰੀਫਾਸ) ਜਾਂ1 ਗ੍ਰਾਮ ਕਰੂਜ਼ਰ 70 ਡਬਲਯੂ ਐੱਸ (ਥਾਇਆਮੀਥੋਕਸਮ) ਜਾਂ 2 ਮਿ.ਲਿ. ਨਿਓਨਿਕਸ 20 ਐੱਫ ਐੱਸ(ਇਮਿਡਾਕਲੋਪਰਿਡ+ਹੈਕਸਾਕੋਨਾਜ਼ੋਲ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ। ਜਿਹੜੀਆਂ ਜ਼ਮੀਨਾਂ ਵਿਚ ਸਿਉਂਕ ਅਤੇ ਕਾਂਗਿਆਰੀ ਦੋਹਾਂ ਦਾ ਹਮਲਾ ਹੁੰਦਾ ਹੈ ਉੱਥੇ ਨਿਓਨਿਕਸ 20 ਐੱਫ ਐੱਸ ਨਾਲ ਬੀਜ ਨੂੰ ਸੋਧ ਕੇ ਵਰਤੋ।

**ਅ) ਉੱਲੀਨਾਸ਼ਕਾਂ ਨਾਲ ਬੀਜ ਦੀ ਸੋਧ**

ਪੱਤਿਆਂ ਦੀ ਕਾਂਗਿਆਰੀ ਦੇ ਕਣ ਬੀਜ ਉੱਪਰ ਅਤੇ ਮਿੱਟੀ ਵਿੱਚ ਪਲਦੇ ਹਨ ਅਤੇ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਸਿਰਫ ਬੀਜ ਦੀ ਸੋਧ ਨਾਲ ਕੀਤੀ ਜਾ ਸਕਦੀ ਹੈ। ਬੀਜ ਦੀ ਸੋਧ ਬੀਜ ਸੋਧਕ ਡਰੰਮ ਦੀ ਵਰਤੋਂ ਨਾਲ ਦਵਾਈ ਨੂੰ ਸੁਕਾ ਕੇ ਕੀਤੀ ਜਾ ਸਕਦੀ ਹੈ। ਜੇਕਰ ਬੀਜ ਦੀ ਸੋਧ ਵਾਲਾ ਡਰੰਮ ਨਾ ਹੋਵੇ ਤਾਂ ਘੜੇ ਨਾਲ ਵੀ ਕੰਮ ਚਲਾਇਆ ਜਾ ਸਕਦਾ ਹੈ। ਬੀਜ ਦੀ ਸੋਧ ਕਰਨ ਲਈ ਡਰੰਮ ਜਾਂ ਘੜੇ ਦਾ 2/3 ਹਿੱਸਾ ਬੀਜ ਨਾਲ ਭਰ ਦਿਓ ਅਤੇ ਲੋੜ ਅਨੁਸਾਰ ਦਵਾਈ ਪਾਓ। ਢੱਕਣ ਬੰਦ ਕਰਨ ਉਪਰੰਤ ਡਰੰਮ ਨੂੰ 3 ਤੋਂ 5 ਮਿੰਟ ਸਿੱਧੇ-ਪੁੱਠੇ ਗੇੜੇ ਦਿਓ ਦਿਓ ਤਾਂ ਜੋ ਹਰ ਇਕ ਦਾਣੇ ਉੱਪਰ ਇੱਕੋ ਜਿਹੀ ਦਵਾਈ ਲੱਗ ਜਾਵੇ। ਵੱਖ-ਵੱਖ ਫਸਲਾਂ ਦੀਆਂ ਬਿਮਾਰੀਆਂ ਦੀ ਰੋਕਥਾਮ ਬਾਰੇ ਜਾਣਕਾਰੀ ਹੇਠ ਦਿੱਤੀ ਗਈ ਹੈ।

**ਕਣਕ ਵਿਚ ਸਿੱਟੇ ਅਤੇ ਪੱਤਿਆਂ ਦੀ ਕਾਂਗਿਆਰੀ** : ਬੀਜ ਸੋਧ ਵਾਸਤੇ 13 ਮਿਲੀਲਿਟਰ ਰੈਕਸਲ ਈ ਜ਼ੀ/ਓਰੀਅਸ 6 ਐੱਫ ਐੱਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲਿਟਰ ਪਾਣੀ ਵਿਚ ਘੋਲ ਕੇ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧੋ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂ ਐੱਸ (ਕਾਰਬੋਕਸਿਨ + ਟੈਟਰਾਮੀਥਾਈਲ ਥਾਈਯੂਰਮ ਡਾਈਸਲਫਾਈਡ) ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਟੈਬੂਸੀਡ / ਸੀਡੈਕਸ / ਐਕਸਜ਼ੋਲ 2 ਡੀ ਐਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧੋ।

**ਜੌਂ ਵਿਚ ਕਾਂਗਿਆਰੀ ਅਤੇ ਬੰਦ ਕਾਂਗਿਆਰੀ** : ਬਿਜਾਈ ਤੋਂ ਪਹਿਲਾਂ ਬੀਜ ਨੂੰ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) 1.5 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ।

**ੲ) ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ**

**ਕਣਕ** : ਕਣਕ ਦੇ 40 ਕਿਲੋ ਬੀਜ ਲਈ 500 ਗ੍ਰਾਮ ਕਨਸੋਰਸ਼ੀਅਮ ਨੂੰ ਇੱਕ ਲਿਟਰ ਪਾਣੀ ਵਿਚ ਮਿਲਾ ਕੇ ਬੀਜ ਨਾਲ ਚੰਗੀ ਤਰ੍ਹਾਂ ਮਿਲਾਉ ਅਤੇ ਸੋਧੇ ਹੋਏ ਬੀਜ ਨੂੰ ਪੱਕੇ ਫਰਸ਼ ਤੇ ਖਿਲਾਰ ਕੇ ਛਾਵੇਂ ਸੁਕਾਉ ਤੇ ਛੇਤੀ ਬੀਜ ਦਿਓ।

**ਸਰ੍ਹੋਂ** : ਇਕ ਏਕੜ ਦੇ ਬੀਜ ਨੂੰ 250 ਗ੍ਰਾਮ ਸੂਡੋਮੋਨਸ ਪੁਟੀਡਾ ਐਮ ਐਲ ਈ 8 ਜੀਵਾਣੂੰ ਖਾਦ ਨੂੰ ਬੀਜ ਨਾਲ ਚੰਗੀ ਤਰ੍ਹਾਂ ਰਲਾਓ ਅਤੇ ਛਾਵੇਂ ਸੁਕਾਓ ਤੇ ਜਿੰਨੀ ਜਲਦੀ ਹੋ ਸਕੇ ਬੀਜ ਦਿਓ।

**ਦਾਲਾਂ** : ਛੋਲਿਆਂ ਲਈ ਮੀਜ਼ੋਰਾਈਜ਼ੋਬੀਅਮ (ਐਲ ਜੀ ਆਰ-33) ਅਤੇ ਰਾਈਜ਼ੋਬੈਕਟੀਰੀਅਮ (ਆਰ ਬੀ-1), ਮਸਰ ਲਈ ਰਾਈਜ਼ੋਬੀਅਮ (ਐਲ ਐਲ ਆਰ-12) ਅਤੇ ਰਾਈਜ਼ੋਬੈਕਟੀਰੀਅਮ (ਆਰ ਬੀ-2) ਜੀਵਾਣੂੰ ਖਾਦ ਦੇ ਇੱਕ-ਇੱਕ ਪੈਕੇਟ ਨੂੰ ਮਿਲਾ ਕੇ ਅਤੇ ਪਕਾਵੇਂ ਮਟਰ ਲਈ ਰਾਈਜ਼ੋਬੀਅਮ ਲੈਗੂਮਿਨੋਸਾਰਮ ਟੀਕੇ ਦਾ ਇਕ ਪੈਕਟ ਬੀਜ ਨਾਲ ਚੰਗੀ ਤਰ੍ਹਾਂ ਰਲਾ ਲਉ ਅਤੇ ਛਾਵੇਂ ਸੁਕਾ ਕੇ ਤੁਰੰਤ ਬਿਜਾਈ ਕਰ ਦਿਓ।

**ਚਾਰੇ ਦੀਆਂ ਫਸਲਾਂ** : ਬਰਸੀਮ ਅਤੇ ਲੂਸਣ ਨੂੰ ਰਾਈਜ਼ੋਬੀਅਮ ਦਾ ਟੀਕਾ ਲਾ ਕੇ ਬੀਜੋ।

**ਸ) ਬੀਜ ਸੋਧ ਸਮੇਂ ਧਿਆਨ ਦੇਣ ਵਾਲੀਆਂ ਕੁਝ ਹੋਰ ਗੱਲਾਂ :**

★ ਬੀਜ ਦੀ ਸੋਧ ਸਮੇਂ ਦਸਤਾਨੇ ਜ਼ਰੂਰ ਪਾਉਣੇ ਚਾਹੀਦੇ ਹਨ।

★ ਕੀਟਨਾਸ਼ਕ/ਉੱਲੀਨਾਸ਼ਕਾਂ ਦੇ ਖਾਲੀ ਡੱਬੇ, ਦਸਤਾਨੇ, ਪੋਲੀਥੀਨ ਆਦਿ ਨੂੰ ਵਰਤਨ ਤੋਂ ਬਾਅਦ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦਿਓ।

★ ਬੀਜ ਦੀ ਸੋਧ ਬਿਜਾਈ ਤੋਂ ਕਦੇ ਵੀ ਇਕ ਮਹੀਨੇ ਪਹਿਲੇ ਨਾ ਕਰੋ, ਨਹੀਂ ਤਾਂ ਬੀਜ ਦੀ ਉੱਗਣ ਸ਼ਕਤੀ ਤੇ ਮਾੜਾ ਅਸਰ ਪੈਂਦਾ ਹੈ।

★ ਕਣਕ ਦੇ ਬੀਜ ਨੂੰ ਕਨਸੋਰਸ਼ੀਅਮ ਜੀਵਾਣੂੰ ਖਾਦ ਦਾ ਟੀਕਾ ਕੀਟਨਾਸ਼ਕਾਂ ਦੀ ਵਰਤੋਂ ਦੇ ਘੱਟੋ-ਘੱਟ 6 ਘੰਟੇ ਬਾਅਦ ਲਗਾਓ।



# ਸ਼ੁੱਧ ਵਾਤਾਵਰਣ ਵਿੱਚ ਪੰਛੀਆਂ ਦਾ ਯੋਗਦਾਨ

ਵੱਖੋ-ਵੱਖਰੇ ਰੰਗਾਂ ਦੇ ਬਣੇ ਹੋਏ ਖੂਬਸੂਰਤ ਪੰਛੀ ਸਾਡੇ ਵਾਤਾਵਰਣ ਦਾ ਸਭ ਤੋਂ ਉੱਤਮ ਸਰਮਾਇਆ ਹਨ, ਇਹ ਵਾਤਾਵਰਣ ਦੀ ਸ਼ੁੱਧਤਾ ’ਤੇ ਨਾਲ ਸਾਵੇਂਪਨ ਨੂੰ ਕਾਇਮ ਕਰਨ ਲਈ ਸਭ ਤੋਂ ਵੱਧ ਕਾਰਗਰ ਸਾਬਿਤ ਹੁੰਦੇ ਹਨ। ਪੰਛੀਆਂ ਦੀਆਂ ਵੱਖੋ-ਵੱਖਰੀਆਂ ਸੰਗੀਤਮਈ ਆਵਾਜ਼ਾਂ ਤੇ ਉਨ੍ਹਾਂ ਦੀਆਂ ਉੱਚੇ ਗਗਨਾਂ ’ਤੇ ਉਡਾਰੀਆਂ ਸਾਨੂੰ ਆਪਣੇ ਜੀਵਨ ਵਿੱਚ ਵੀ ਉੱਚਾਈਆਂ ’ਤੇ ਪਹੁੰਚਣ ਲਈ ਪ੍ਰੇਰਿਤ ਕਰਦੀਆਂ ਹਨ।

ਸ਼ੁੱਧ ਵਾਤਾਵਰਣ ਤੇ ਪ੍ਰਕਿਰਤੀ ਦੀ ਸੁੰਦਰਤਾ ਨੂੰ ਕਾਇਮ ਕਰਨ ਲਈ ਜੋ ਯੋਗਦਾਨ ਪੰਛੀਆਂ ਦਾ ਹੈ, ਉਹ ਇਨਸਾਨਾਂ ਦਾ ਨਹੀਂ ਹੋ ਸਕਦਾ। ਪੰਛੀ ਤੀਲਾ-ਤੀਲਾ ਇਕੱਠਾ ਕਰਕੇ ਆਪਣਾ ਆਲ੍ਹਣਾ ਪਾਉਂਦੇ ਹਨ, ਪਰ ਮਨੁੱਖ ਬੂਟਿਆਂ ’ਤੇ ਦਰੱਖਤਾਂ ਨੂੰ ਕੱਟ ਕੇ ਪ੍ਰਕਿਰਤੀ ’ਤੇ ਕੁਹਾੜੀ ਮਾਰ ਕੇ ਸੀਮੈਂਟ, ਪੱਥਰ, ਇੱਟਾਂ ਨਾਲ ਘਰ ਬਣਾਉਂਦੇ ਹਨ। ਮਨੁੱਖ ਜ਼ਿੰਦਗੀ ਭਰ ਕਿਸੇ ਨਾ ਕਿਸੇ ਆਸਰੇ ’ਤੇ ਰਹਿੰਦਾ ਹੈ, ਪਰ ਪੰਛੀਆਂ ਲਈ ਕੁਦਰਤ ਹੀ ਉਸ ਦਾ ਆਸਰਾ ਹੈ। ਪ੍ਰਕਿਰਤੀ ਹੀ ਪੰਛੀ ਨੂੰ ਸ਼ੁੱਧ ਪਾਣੀ ਤੇ ਸਾਫ ਖੁਰਾਕ ਦਿੰਦੀ ਹੈ, ਪਰ ਮਨੁੱਖ ਪੰਛੀਆਂ ਦੇ ਜੀਵਨ ਤੋਂ ਕੁੱਝ ਨਹੀਂ ਸਿੱਖਦਾ ਤੇ ਸਦਾ ਵਾਤਾਵਰਣ ਨੂੰ ਖਰਾਬ ਕਰਨ ’ਤੇ ਤੁਲਿਆ ਰਹਿੰਦਾ ਹੈ।

ਤਕਨੀਕੀ ਵਿਕਾਸ ਦੀ ਅੰਨ੍ਹੀ ਦੌੜ ਵਿੱਚ ਉਹ ਇਹ ਨਹੀਂ ਸੋਚਦਾ ਕਿ ਉਹ ਆਪਣੇ ਸਵਾਰਥ ਨੂੰ ਪੂਰਾ ਤਾਂ ਕਰ ਲੈਂਦਾ ਹੈ, ਪਰ ਪੰਛੀਆਂ ਦੀ ਜਾਨ ਦਾਅ ’ਤੇ ਲਗਾ ਦਿੰਦਾ ਹੈ। ਕਿੰਨੇ ਹੀ ਨਰਮ ਹੱਡੀਆਂ ਵਾਲੇ ਪੰਛੀ ਚਿੜੀਆਂ, ਕਬੂਤਰ, ਗੁਟਾਰਾਂ ਟਾਵਰਾਂ ਤੋਂ ਆਉਂਦੀਆਂ ਰੈਡੀਏਸ਼ਨ ਕਿਰਨਾਂ ਕਾਰਨ ਪ੍ਰਕਿਰਤੀ ਵਿੱਚੋਂ ਅਲੋਪ ਹੋ ਰਹੀਆਂ ਹਨ। ਮਾਹਿਰ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਰਮ ਕੰਨ ਲਗਾਤਾਰ ਮੋਬਾਇਲ ਨੂੰ ਸੁਣੇ ਹੋਏ ਗਰਮ ਹੋ ਜਾਂਦੇ ਹਨ ਤੇ ਇਨ੍ਹਾਂ ਦੀ ਬਹੁਤੀ ਵਰਤੋਂ ਸਿਹਤ ਨਾਲ ਖਿਲਵਾੜ ਕਰਦੀ ਹੈ, ਪਰ ਇਹ ਪੰਛੀ ਤਾਂ ਨਿਰੇ ਨਰਮ ਵਜੂਦ ਦੇ ਬਣੇ ਹੁੰਦੇ ਹਨ, ਉਹ ਲਗਾਤਾਰ ਕਿਸ ਤਰ੍ਹਾਂ ਇਨ੍ਹਾਂ ਕਿਰਨਾਂ ਨੂੰ ਸਹਿ ਸਕਦੇ ਹਨ।

ਇਸ ਲਈ ਸਾਰੀ ਦੁਨੀਆਂ ਵਿੱਚ ਫਿਕਰ ਇਹ ਬਣਿਆ ਹੋਇਆ ਹੈ ਕਿ ਜੇ ਇਸ ਤਰ੍ਹਾਂ ਟਾਵਰਾਂ ਦੀ ਗਿਣਤੀ ਵੱਧਦੀ ਗਈ ਤਾਂ ਪੰਛੀ ਨਹੀਂ ਰਹਿਣਗੇ। ਹੁਣ ਮਨੁੱਖ ਆਪ ਤਾਂ ਸ਼ੁੱਧ ਪਾਣੀ ਲਈ ਕਈ ਤਰ੍ਹਾਂ ਦੇ ਵਿਗਿਆਨਕ ਯੰਤਰ ਲਾ ਕੇ ਪਾਣੀ-ਪੀਣ ’ਤੇ ਮਜ਼ਬੂਰ ਹੋ ਰਿਹਾ ਹੈ, ਸ਼ੁੱਧ ਪਾਣੀ ਨੂੰ ਬੋਤਲਾਂ ਵਿੱਚ ਬੰਦ ਕਰਕੇ ਵੇਚ ਰਿਹਾ ਹੈ, ਪਰ ਪੰਛੀ ਜੋ ਸਾਡੇ ਸਾਫ ਵਾਤਾਵਰਣ ਲਈ ਬਹੁਤ ਜ਼ਰੂਰੀ ਕੜੀ ਮੰਨੇ ਜਾਂਦੇ ਹਨ, ਉਨ੍ਹਾਂ ਲਈ ਪਾਣੀ ਦਾ



ਕੋਈ ਪ੍ਰਬੰਧ ਨਹੀਂ ਕਰਦੇ, ਇੱਥੋਂ ਤੱਕ ਆਪਣੇ ਘਰਾਂ ਦੇ ਉੱਚੇ ਚੌਬਾਰਿਆਂ ’ਤੇ ਪਾਣੀ ਦੇ ਕੁੱਜਿਆਂ ਦਾ ਕੋਈ ਪ੍ਰਬੰਧ ਨਹੀਂ ਕਰਦੇ, ਉਨ੍ਹਾਂ ਲਈ ਦਾਣਾ ਨਹੀਂ ਸੁੱਟਦੇ, ਜਿਸ ਕਾਰਨ ਸਾਡੇ ਇਹ ਨਾਜ਼ੁਕ ਪੰਛੀ ਚਿੜੀਆਂ, ਕਬੂਤਰ, ਕਾਂ, ਗੁਟਾਰਾਂ, ਇੱਲਾਂ ਭੁੱਖੀਆਂ-ਪਿਆਸੀਆਂ ਹੀ ਆਪਣੀ ਜਾਨ ਗੁਆ ਰਹੀਆਂ ਹਨ ਤੇ ਪ੍ਰਕਿਰਤੀ ਦੇ ਸਾਵੇਂਪਨ ਨੂੰ ਬਹੁਤ ਖੋਰਾ ਲਗਾ ਰਹੀਆਂ ਹਨ।

ਪੰਛੀਆਂ ਦੇ ਦਿਨੋਂ-ਦਿਨ ਅਲੋਪ ਹੋਣ ਦੇ ਭਿੰਨ-ਭਿੰਨ ਕਾਰਨਾਂ ਵਿੱਚੋਂ ਸਾਡੀ ਦਿਨੋਂ-ਦਿਨ ਪਰਵਰਤਿਤ ਹੁੰਦੀ ਜ਼ਿੰਦਗੀ ਹੈ। ਜੇ ਘਰਾਂ ਤੋਂ ਗੱਲ ਅਰੰਭ ਕਰੀਏ ਤਾਂ ਸਾਡੇ ਘਰਾਂ ਦਾ ਸ਼ਿਲਪੀ ਵਿਧਾਨ ਹੀ ਕੁੱਝ ਇਸ ਕਿਸਮ ਦਾ ਬਣਨਾ ਅਰੰਭ ਹੋ ਗਿਆ ਹੈ ਕਿ ਸਾਡੇ ਪੰਛੀ ਇੱਥੇ ਟਿਕਾਣਾ ਕਰ ਹੀ ਨਹੀਂ ਸਕਦੇ। ਅੱਗੇ ਘਰ ਦੇ ਕਮਰੇ ਤੇ ਬਰਾਂਡੇ ਲੱਕੜ ਦੇ ਬਾਲਿਆਂ ਦੇ ਹੁੰਦੇ ਸਨ, ਜਿਨ੍ਹਾਂ ਵਿੱਚ ਕੁੱਝ ਵਿੱਥਾਂ ਹੁੰਦੀਆਂ ਸਨ ਤੇ ਪੰਛੀ ਆਲ੍ਹਣੇ ਪਾ ਕੇ ਨਿਸ਼ਚਿੰਤ ਇਨ੍ਹਾਂ ਵਿੱਚ ਵਾਸ ਕਰਦੇ ਸਨ। ਹੁਣ ਸਾਡੇ ਘਰਾਂ ਵਿੱਚ ਸੀਮੈਂਟ ਨਾਲ ਲੈਂਟਰ ਪਾਏ ਜਾਂਦੇ ਹਨ, ਛੱਤਾਂ ’ਤੇ ਪੱਖੇ ਲਟਕਾਏ ਜਾਂਦੇ ਹਨ, ਇਹ ਲੋਕਾਂ ਦੀ ਅੱਜ ਦੇ ਸਮੇਂ ਦੀ ਲੋੜ ਬਣ ਗਈ ਹੈ, ਫਿਰ ਚਿੜ੍ਹੀ ਵਿਚਾਰੀ ਦੀ ਕਰੇ। ਮਾਹਿਰ ਇਹ ਕਹਿੰਦੇ ਹਨ ਕਿ ਚਿੜੀਆਂ ਤਾਂ ਬਾਹਰ ਗੰਦੀ ਹਵਾ ਕਪੱਢਣ ਲਈ ਜੋ ਐਕਗਾਹਟ ਲਾਏ ਜਾਂਦੇ ਹਨ, ਉਨ੍ਹਾਂ ਵਿੱਚ ਬਣਦੀ ਥਾਂ ’ਤੇ ਆਪਣਾ ਆਲ੍ਹਣਾ ਪਾ ਕੇ ਗੰਦੀ ਹਵਾ ਤੇ ਧੂੰਏ ਨਾਲ ਲਾਚਾਰ ਹੋ ਕੇ ਆਪਣੀ ਜ਼ਿੰਦਗੀ ਬਿਤਾਉਣ ਲਈ ਮਜ਼ਬੂਰ ਹਨ।

ਸਾਡੀਆਂ ਕੁੱਝ ਸਦਾਬਹਾਰ ਝੀਲਾਂ, ਨਦੀਆਂ, ਪੱਤਣਾਂ, ਦਰਿਆਵਾਂ ਦੇ ਕਿਨਾਰਿਆਂ ’ਤੇ ਮੌਸਮ ਦੇ ਬਦਲਣ ਕਰਕੇ ਠੰਢੀਆਂ ਹਵਾਵਾਂ ਤੇ ਬਰਫਬਾਰੀ ਤੋਂ ਬਚਣ ਲਈ ਦੂਰ-ਦੁਰਾਡੀਆਂ ਥਾਂਵਾਂ ਤੋਂ ਪਰਵਾਸੀ ਪੰਛੀ ਆਉਂਦੇ ਹਨ, ਅਸੀਂ ਇਨ੍ਹਾਂ ਪੰਛੀਆਂ ਨੂੰ ਵਾਤਾਵਰਣ ਦੀ ਸੁੰਦਰਤਾ ਦਾ ਖਿਆਲ ਕਰਦੇ ਹੋਏ ਸ਼ੁਭ ਸੰਕੇਤ ਸਮਝਦੇ ਹੋਏ ਢੋਲ ਵਜਾ ਕੇ ਸਵਾਗਤ ਕਰਦੇ ਹਾਂ। ਖੋਜੀ ਕਹਿੰਦੇ ਹਨ ਕਿ ਇਨ੍ਹਾਂ ਦਾ ਰਸਮੀ ਤੌਰ ’ਤੇ ਸਵਾਗਤ ਕਰਨ ਦੇ ਨਾਲ ਖੋਜੀਆਂ ਨੂੰ ਇੱਥੇ ਕੁੱਝ ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਨਾਲ ਬਨਸਪਤੀ ਵਿਗਿਆਨ ਦਾ ਖੇਤਰ ਹੋਰ ਵੀ ਵਿਸ਼ਾਲ ਹੋ ਸਕੇ। ਖੋਜੀਆਂ ਲਈ ਤਕਨੀਕੀ ਤੌਰ ’ਤੇ ਉੱਤਮ ਬਾਈਨੈਕਰੋ ਕੈਮਰਿਆਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਪੰਛੀਆਂ ਦੀ ਨਰ ਤੇ ਮਾਦਾ ਵੰਨਗੀ ਦੀ ਪਹਿਚਾਣ ਹੋ ਸਕੇ। ਜਿੰਨੇ ਚਿਰ ਲਈ ਇਹ ਇੱਥੇ ਰੁਕਦੇ ਹਨ, ਉਨ੍ਹਾਂ ਦੇ ਟਿਕਾਣਿਆਂ, ਖੁਰਾਕ ਤੇ ਹੋਰ ਜ਼ਰੂਰੀ ਲੋੜਾਂ ਦਾ ਪ੍ਰਬੰਧ ਕੀਤਾ ਜਾ ਸਕੇ। ਦਰਿਆਵਾਂ ਦੀ ਸਾਂਭ-ਸੰਭਾਲ ਤੇ ਸਫਾਈ ਦਾ ਪੂਰਾ ਪ੍ਰਬੰਧ ਕਰਨਾ ਜ਼ਰੂਰੀ ਹੁੰਦਾ ਹੈ, ਕਈ ਵਾਰੀ ਸਥਿਤੀ ਬਹੁਤ ਦੁਖਦਾਈ ਤੇ ਮੰਦਭਾਗੀ ਬਣ ਜਾਂਦੀ ਹੈ, ਜਦੋਂ ਲੋਕ ਇੱਕਠੇ ਤਾਂ ਰੰਗ-ਬਰੰਗੇ ਪਰਵਾਸੀ ਪੰਛੀਆਂ ਦੀ ਉਡੀਕ ਵਿੱਚ ਖੜ੍ਹੇ ਹੁੰਦੇ ਹਨ, ਪਰ ਅੱਗੋਂ ਲਾਸ਼ਾਂ ਰੁੜ੍ਹਦੀਆਂ ਨਜ਼ਰ ਆਉਂਦੀਆਂ ਹਨ।

ਵਾਤਾਵਰਣ ਪ੍ਰੇਮੀ, ਇਸ ਦਿਸਦੇ ਸੰਸਾਰ ਵਿੱਚ ਵੱਧ ਰਹੇ ਪ੍ਰਦੂਸ਼ਣ ਦਾ ਇੱਕ ਕਾਰਨ ਇਹ ਵੀ ਬਿਆਨ ਕਰਦੇ ਹਨ ਕਿ ਸਾਡੀ ਜ਼ਮੀਨ ’ਤੇ ਪਈ ਗੰਦਗੀ ਤੇ ਮਰੇ ਹੋਏ ਜਾਨਵਰਾਂ ਦਾ ਮਾਸ ਚੂੰਡ-ਚੂੰਡ ਕੇ ਖਾ ਜਾਵਣ ਵਾਲੀਆਂ ਗਿਰਝਾਂ ਵੀ ਹੁਣ ਜਦ ਦੀਆਂ ਖਤਮ ਹੋਣੀਆਂ ਆਰੰਭ ਹੋਈਆਂ ਹਨ, ਵਾਤਾਵਰਣ ਦੀ ਸ਼ੁੱਧਤਾ ਵਧੇਰੇ ਭੰਗ ਹੋਣੀ ਸ਼ੁਰੂ ਹੋ ਗਈ ਹੈ।

ਪੰਛੀ ਨਿਰਾ ਘਰਾਂ ਤੋਂ ਬਾਹਰ ਵਾਤਾਵਰਣ ਨੂੰ ਰੰਗੀਨ ਤੇ ਸੁੰਦਰ ਬਣਾਉਣ ਵਿੱਚ ਆਪਣਾ ਯੋਗਦਾਨ ਹੀ ਨਹੀਂ ਪਾਉਂਦੇ, ਸਗੋਂ ਆਪਣੇ ਆਲ੍ਹਣਿਆਂ ਦੇ ਨਿਰਮਾਣ ਵਿੱਚ ਕਲਾਕਾਰੀ ਤੇ ਸੁਹਜ ਦਾ ਪ੍ਰਗਟਾਵਾ ਵੀ ਕਰਦੇ ਹਨ, ਉਨ੍ਹਾਂ ਤੋਂ ਮਨੁੱਖ ਨੂੰ ਵੀ ਕੁੱਝ ਸਿੱਖਣ ਦੀ ਲੋੜ ਹੈ। ਕਦੇ ਬਿਜੜੇ ਨੂੰ ਕਲਾਕਾਰੀ ਨਾਲ ਆਪਣਾ ਘਰ ਬਣਾਉਂਦਾ ਹੋਇਆ ਦੇਖੋ, ਉਹ ਕਿੰਨੀ ਸੁੰਦਰਤਾ ਨਾਲ ਇਕੱਲੀ-ਇਕੱਲੀ ਵਸਤੂ ਨੂੰ ਸੁਹਜ ਨਾਲ ਸ਼ਿੰਗਾਰ ਕੇ ਟਿਕਾਉਂਦਾ ਹੈ। ਵਾਤਾਵਰਣ ਮਾਹਿਰ ਇਹ ਸਲਾਹ ਦਿੰਦੇ ਹਨ ਕਿ ਜਿੱਥੇ ਪਹਿਲਾਂ ਮੰਛੀ ਸਦੀਆਂ ਤੋਂ ਆਲ੍ਹਣੇ ਬਣਾਉਂਦੇ ਆਏ ਹਨ, ਉਨ੍ਹਾਂ ਨੂੰ ਖਤਮ ਕਰਨਾ ਪ੍ਰਕ੍ਰਿਤੀ ਦੀ ਇਸ ਅਨਮੁੱਲੀ ਦੇਣ ਤੋਂ ਮੂੰਹ ਮੋੜਨਾ ਹੈ, ਇਸ ਲਈ ਮਨੁੱਖਾਂ ਨੂੰ ਵੀ ਚਾਹੀਦਾ ਹੈ ਕਿ ਘਰਾਂ ਦੇ ਬਰਾਮਦਿਆਂ ਵਿੱਚ ਕੁੱਝ ਜਗ੍ਹਾ ਖਾਲ੍ਹੀ ਛੱਡਣ ਤਾਂ ਜੋ ਪੰਛੀ ਆਪਣਾ ਟਿਕਾਣਾ ਇਨ੍ਹਾਂ ਥਾਂਵਾਂ ’ਤੇ ਬਣਾ ਸਕਣ। ਘਰਾਂ ਵਿੱਚ ਸ਼ੁੱਧ ਵਾਤਾਵਰਣ ਲਈ ਜਿੱਥੇ ਅਸੀਂ ਘਰਾਂ ਦੀ ਸਫਾਈ ਕਰਦੇ ਹਾਂ, ਉੱਥੇ ਕੁੱਝ ਵੇਲਾਂ ਖਾਸ ਤੌਰ ’ਤੇ ਬੋਗਨ ਵਿਲਾ ਤੇ ਮਨੀ ਪਲਾਂਟ ਆਦਿ ਵਿੱਚ ਚਿੜੀਆਂ ਆਪਣਾ ਟਿਕਾਣਾ ਬਣਾਉਂਦੀਆਂ ਹਨ, ਉਨ੍ਹਾਂ ਨੂੰ ਇਜ਼ਾਦ ਕਰਨ। ਇਸ ਤਰ੍ਹਾਂ ਉਹ ਪ੍ਰਕ੍ਰਿਤੀ ਨਾਲ ਜੁੜਨ ਤੇ ਪੰਛੀਆਂ ਦੀਆਂ ਸੁਰਾਂ ਨੂੰ ਵੀ ਮਾਣਨ ਤੇ ਵਾਤਾਵਰਣ ਵੀ ਸ਼ੁੱਧ ਬਣਾਉਣ।

ਵਿਸ਼ਵ ਵਿੱਚ ਹੁਣ ਵਾਤਾਵਰਣ ਦੀ ਸ਼ੁੱਧਤਾ ਤੇ ਪੰਛੀਆਂ ਦੇ ਯੋਗਦਾਨ ਬਾਰੇ ਨਵੀਆਂ ਖੋਜਾਂ ਹੋ ਰਹੀਆਂ ਹਨ। ਇਹ ਪੰਛੀ ਹੀ ਹਨ, ਜਿਨ੍ਹਾਂ ਨੂੰ ਕਿਸੇ ਦੇਸ਼ ਵਿੱਚ ਜਾਣ ਲਈ ਕਿਸੇ ਵੀਜ਼ੇ ਜਾਂ ਪਾਸਪੋਰਟ ਦੀ ਲੋੜ ਨਹੀਂ ਹੈ, ਸੰਸਾਰ ਵਿੱਚ ਜੋ ਪ੍ਰਕ੍ਰਿਤੀ ਦੀ ਸਥਿਤੀ ਹੈ, ਸਭ ਤੋਂ ਪਹਿਲਾਂ ਸਾਨੂੰ ਇਹ ਜਾਣੂ ਕਰਾਉਂਦੇ ਹਨ। ਦੂਜੇ ਗੁਆਂਢੀ ਦੇਸ਼ ਜਾਂ ਆਪਣੇ ਦੇਸ਼ ਵਿੱਚ ਭੁਚਾਲ ਆਉਣ ਦੀ ਆਹਟ ਸਭ ਤੋਂ ਪਹਿਲਾਂ ਇਨ੍ਹਾਂ ਪੰਛੀਆਂ ਨੂੰ ਹੁੰਦੀ ਹੈ। ਜਾਪਾਨ ਵਿੱਚ ਜਿੱਥੇ ਬਹੁਤ ਭੁਚਾਲ ਆਉਂਦੇ ਹਨ, ਖੋਜੀਆਂ ਨੇ ਪੰਛੀਆਂ ਦੇ ਉੱਤੇ ਇਹ ਸੰਕੇਤ ਦੇਖ ਕੇ ਕਈ ਤਰ੍ਹਾਂ ਦੇ ਬਚਾਓ ਕਰਨੇ ਆਰੰਭ ਕਰ ਦਿੱਤੇ ਹਨ ਤੇ ਕਾਮਯਾਬੀ ਪ੍ਰਾਪਤ ਕੀਤੀ ਹੈ। ਜੇ ਇਹ ਪੰਛੀ ਨਹੀਂ ਰਹਿਣਗੇ ਤਾਂ ਪ੍ਰਕ੍ਰਿਤੀ ਆਪਣੀ ਆਵਾਜ਼ ਗੁਆ ਲਵੇਗੀ ਤੇ ਸਾਰਾ ਬ੍ਰਹਿਮੰਡ ਇੱਕ ਸਾਂਝਾ ਦੂਤ ਜੋ ਦੁਨੀਆਂ ਦੇ ਇੱਕ ਸਿਰੇ ਨੂੰ ਦੂਜੇ ਸਿਰੇ ਨਾਲ ਜੋੜਦਾ ਹੈ, ਉਸ ਤੋਂ ਵੀ ਹੱਥ ਧੋ ਲਵੇਗੀ। ਵਿਸ਼ਵ ਵਿੱਚ ਜੋ ਵੱਧਦੇ ਤਾਪਮਾਨ ਕਰਕੇ ਖਰਾਬੀ ਆ ਰਹੀ ਹੈ, ਉਸ ਵਿੱਚ ਪੰਛੀਆਂ ਦੇ ਲੁਪਤ ਹੋ ਜਾਣ ਕਾਰਨ ਘਾਟਾ ਪਿਆ ਹੈ, ਹੁਣ ਵਿਗਿਆਨੀਆਂ ਵੱਲੋਂ ਉਸ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ, ਤਾਂ ਜੋ ਉਨ੍ਹਾਂ ਦੀ ਸਹੀ ਸੰਭਾਲ ਕੀਤੀ ਜਾ ਸਕੇ। ਪੰਛੀ ਪ੍ਰਕ੍ਰਿਤੀ ਵਿਭਿੰਨਤਾ ਦੀ ਸਭ ਤੋਂ ਸੁੰਦਰ ਮਿਸਾਲ ਹਨ ਤੇ ਸਾਡੇ ਵਾਤਾਵਰਣ ਦੀ ਸ਼ੁੱਧਤਾ ਲਈ ਅਹਿਮ ਲੋੜ ਹਨ।

**ਪ੍ਰੋ: ਜਤਿੰਦਰ ਸਿੰਘ ਨੰਦਾ,**
**274-ਏ, ਐਕਸ. ਮਾਡਲ ਟਾਊਨ,**
**ਐਕਸਟੈਨਸ਼ਨ, ਲੁਧਿਆਣਾ**

ਬਾਕੀ ਸਫਾ 3 ਦੀ

# ਕਣਕ ਦੀ ਜੈਵਿਕ ਕਾਸ਼ਤ

ਰੂੜੀ ਦੀ ਖਾਦ ਪਾ ਕੇ ਪੂਰਾ ਕੀਤਾ ਜਾ ਸਕਦਾ ਹੈ। ਜੈਵਿਕ ਖਾਦ ਕਿਸੇ ਵੀ ਜ਼ਹਿਰੀਲੇ ਪਦਾਰਥ ਤੋਂ ਮੁਕਤ ਹੋਣੀ ਚਾਹੀਦੀ ਹੈ। ਫਸਲ ਬੀਜਣ ਤੋਂ ਪਹਿਲਾਂ ਸਾਰੀਆਂ ਜੈਵਿਕ ਖਾਦਾਂ ਨੂੰ ਮਿੱਟੀ ਵਿਚ ਮਿਲਾਉਣਾ ਚਾਹੀਦਾ ਹੈ। ਜੈਵਿਕ ਖਾਦਾਂ ਦੀ ਮਾਤਰਾ ਉਨ੍ਹਾਂ ਵਿਚ ਨਾਈਟ੍ਰੋਜਨ ਦੀ ਮਾਤਰਾ ਦੇ ਆਧਾਰ ਤੇ ਵਧਾਈ ਜਾਂ ਘਟਾਈ ਜਾ ਸਕਦੀ ਹੈ।

**ਨਦੀਨ ਪ੍ਰਬੰਧ** : ਨਦੀਨ ਨਾਸ਼ਕਾਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ। ਕਣਕ ਦੀ ਥਾਂ ਤੇ ਬਰਸੀਮ, ਆਲੂ, ਰਾਇਆ, ਗੋਭੀ ਸਰੋਂ, ਸਿਆਲੂ ਮੱਕੀ ਆਦਿ ਫਸਲਾਂ ਬੀਜ ਕੇ, ਸਮੇਂ ਸਿਰ ਬਿਜਾਈ ਕਰਕੇ (ਅਕਤੂਬਰ ਦੇ ਅਖਰੀਲੇ ਜਾਂ ਨਵੰਬਰ ਦੇ ਪਹਿਲੇ ਹਫਤੇ) ਜਾਂ ਮਿੱਟੀ ਦੀ ਉੱਪਰਲੀ ਤਹਿ ਨੂੰ ਸੁਕਾ ਕੇ ਨਦੀਨਾਂ (ਖਾਸ ਕਰਕੇ ਗੁੱਲੀ ਡੰਡੇ) ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਬੈੱਡਾਂ ਉੱਤੇ ਬੀਜੀ ਕਣਕ (37 ਸੈ.ਮੀ. ਚੌੜੇ ਬੈੱਡ ਉੱਤੇ 2 ਕਤਾਰਾਂ ਅਤੇ ਦੋ ਬੈੱਡਾਂ ਵਿਚਕਾਰ 30 ਸੈ.ਮੀ. ਚੌੜੀ ਖਾਲੀ) ਵਿਚ ਬੈੱਡ ਪਲਾਂਟਰ ਵਿਚ ਥੋੜਾ ਬਦਲਾਅ ਕਰਕੇ (ਦੋ ਸਵੀਪ ਫਰੋ ਓਪਨਰਾਂ ਵਿਚਕਾਰ ਇਕ ਫਾਲਾ ਲਗਾ ਕੇ) ਬਿਜਾਈ ਤੋਂ 30 ਅਤੇ 45 ਦਿਨਾਂ



ਬਾਅਦ ਦੋ ਗੋਡੀਆਂ ਕਰੋ। ਇਸ ਤਰ੍ਹਾਂ ਦੋ ਗੋਡੀਆਂ ਕਰਨ ਨਾਲ ਜੈਵਿਕ ਕਣਕ ਵਿਚ ਤਸੱਲੀਬਖਸ਼ ਨਦੀਨ ਪ੍ਰਬੰਧਨ ਕੀਤਾ ਜਾ ਸਕਦਾ ਹੈ। ਉੱਗੇ ਹੋਏ ਨਦੀਨਾਂ ਨੂੰ ਕਾਬੂ ਕਰਨ ਲਈ ਦੋ ਜਾਂ ਤਿੰਨ ਵਾਰ ਵੀਲ ਹੈਂਡ ਹੋਅ/ਖੁਰਪਾ ਜਾਂ ਕਸੌਲੇ ਨਾਲ ਗੋਡੀ ਕਰੋ। ਬਚੇ ਹੋਏ ਨਦੀਨਾਂ ਨੂੰ ਬੀਜ ਬਣਨ ਤੋਂ ਪਹਿਲਾਂ ਖੇਤ ਵਿਚੋਂ ਪੁੱਟ ਕੇ ਬਾਹਰ ਕੱਢ ਦੇਣਾ ਚਾਹੀਦਾ ਹੈ।

**ਕੀਟ ਅਤੇ ਬਿਮਾਰੀ ਪ੍ਰਬੰਧ** : ਕਿਸੇ ਵੀ ਰਸਾਇਣਕ ਕੀਟ ਅਤੇ ਉੱਲੀ ਨਾਸ਼ਕ ਦੀ ਵਰਤੋਂ ਨਹੀਂ ਕਰਨੀ। ਚੇਪਾ ਆਉਣ ਤੇ ਮਿੱਤਰ ਕੀੜੇ ਉਸਨੂੰ ਕਾਬੂ ਕਰ ਲੈਂਦੇ ਹਨ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਘਰ ਬਣਾਏ ਨਿੰਮ ਦੇ ਘੋਲ ਦੇ 2 ਲਿਟਰ ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫਤੇ-ਹਫਤੇ ਦੇ ਵਕਫੇ ਤੇ ਨੈਪਸੈਕ ਪੰਪ ਨਾਲ ਦੋ ਛਿੜਕਾਅ ਕਰੋ।

**ਘਰ ਬਣਾਏ ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ** : ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ ਅਤੇ ਇਸ ਘੋਲ ਨੂੰ ਕੱਪੜ ਛਾਣ ਕਰ ਲਉ ਅਤੇ ਤਰਨ ਨੂੰ ਸਿਫਾਰਿਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ।

**ਮੰਡੀਕਰਨ** : ਜੈਵਿਕ ਕਣਕ ਲਈ ਕੋਈ ਵੱਖਰੀ ਮੰਡੀ ਨਹੀਂ ਹੈ। ਕਿਸਾਨਾਂ ਨੂੰ ਆਪਣੇ ਪੱਧਰ ਤੇ ਨੇੜੇ ਦੇ ਕਸਬਿਆਂ ਅਤੇ ਸ਼ਹਿਰਾਂ ਵਿਚ ਮੰਡੀਕਰਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸ਼ੁਰੂਆਤੀ ਦੌਰ ਵਿਚ ਜੈਵਿਕ ਕਣਕ ਦੀ ਕਾਸ਼ਤ ਥੋੜੇ ਰਕਬੇ ਤੋਂ ਸ਼ੁਰੂ ਕਰਨੀ ਚਾਹੀਦੀ ਅਤੇ ਮੰਗ ਦੇ ਹਿਸਾਬ ਨਾਲ ਰਕਬਾ ਵਧਾਉਣਾ ਚਾਹੀਦਾ ਹੈ। ਦੂਰ-ਦੁਰਾਡੇ ਸ਼ਹਿਰਾਂ ਵਿਚ ਮੰਡੀਕਰਨ ਕਰਨ ਲਈ ਪ੍ਰਮਾਣਤ ਜੈਵਿਕ ਖੇਤੀ ਚਾਹੀਦੀ ਹੈ। ਪ੍ਰਮਾਣਤ ਜੈਵਿਕ ਖੇਤੀ ਲਈ ਭਾਰਤ ਸਰਕਾਰ 33 ਨਿਰੀਖਣ ਅਤੇ ਪ੍ਰਮਾਣੀਕਰਨ ਏਜੰਸੀਆਂ ਨੂੰ ਮਾਨਤਾ ਦਿੱਤੀ ਗਈ ਹੈ। ਜਿਹੜੇ ਕਿਸਾਨ ਪ੍ਰਮਾਣਤ ਜੈਵਿਕ ਖੇਤੀ ਕਰਨਾ ਚਾਹੁੰਦੇ ਹਨ, ਉਹ ਇਹਨਾਂ ਏਜੰਸੀਆਂ ਨਾਲ ਸੰਪਰਕ ਕਰ ਸਕਦੇ ਹਨ। ਇਹਨਾਂ ਦੇ ਪਤੇ ਇੰਟਰਨੈੱਟ ਤੋਂ ਅਪੀਡਾ ਦੀ ਵੈਬਸਾਈਟ www.apeda.gov.in ਤੋਂ ਲਏ ਜਾ ਸਕਦੇ ਹਨ।



# ਪਰਾਲੀ ਦੇ ਨਿਪਟਾਰੇ ਲਈ ਹਾਲੇ ਵੀ ਲੋੜੀਂਦੀ ਮਸ਼ੀਨਰੀ ਦੀ ਘਾਟ

ਨਵਤੇਜ ਸਿੰਘ ਮੱਲ੍ਹੀ,
ਪਿੰਡ ਭਾਗੋਕਾਵਾਂ (ਗੁਰਦਾਸਪੁਰ)

ਪੰਜਾਬ 'ਚ ਝੋਨੇ ਦੀ ਵਾਢੀ ਦਾ ਸੀਜ਼ਨ ਸ਼ੁਰੂ ਹੁੰਦਿਆਂ ਹੀ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ। ਮਸ਼ੀਨੀਕਰਨ ਨੇ ਖੇਤੀ ਦੇ ਤਾਂ ਬਹੁਤ ਸਾਰੇ ਕੰਮ ਤਾਂ ਆਸਾਨ ਕਰ ਦਿੱਤੇ ਹਨ ਪਰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਕਾਰਨ ਵਾਤਾਵਰਨ ਦਾ ਪ੍ਰਦੂਸ਼ਣ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਦਿੱਲੀ ਵਰਗੇ ਰਾਜਾਂ ਲਈ ਮੁੱਖ ਚੁਣੌਤੀ ਵਜੋਂ ਉੱਭਰ ਕੇ ਸਾਹਮਣੇ ਆਇਆ। ਜਦੋਂ ਤੱਕ ਫਸਲਾਂ ਦੀ ਵਾਢੀ ਹੱਥਾਂ ਨਾਲ ਹੁੰਦੀ ਸੀ ਤਾਂ ਕਿਸਾਨ ਪਰਾਲੀ ਜਾਂ ਕਣਕ ਦੇ ਨਾੜ ਨੂੰ ਪਸ਼ੂਆਂ ਲਈ ਸੁੱਕੇ ਚਾਰੇ ਵਜੋਂ ਵਰਤ ਲੈਂਦੇ ਸਨ ਪਰ ਮਜ਼ਦੂਰਾਂ ਤੇ ਸਮੇਂ ਦੀ ਘਾਟ ਕਾਰਨ ਜਿਉਂ-ਜਿਉਂ ਫਸਲਾਂ ਦੀ ਕਟਾਈ ਕੰਬਾਈਨਾਂ 'ਤੇ ਨਿਰਭਰ ਹੋਈ, ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ।

ਪ੍ਰਦੂਸ਼ਣ ਭਾਵੇਂ ਪਰਾਲੀ ਸਾੜਨ ਕਾਰਨ ਹੀ ਨਹੀਂ ਫੈਲਦਾ, ਸਗੋਂ ਰਬੜ ਫੈਕਟਰੀਆਂ, ਸ਼ਰਾਬ ਫੈਕਟਰੀਆਂ, ਚਮੜਾ ਫੈਕਟਰੀਆਂ, ਇੱਟਾਂ ਦੇ ਭੱਠੇ, ਕੋਲ ਖਾਣਾਂ, ਸਨਅਤੀ ਇਕਾਈਆਂ ਤੋਂ ਇਲਾਵਾ ਤਿਉਹਾਰਾਂ 'ਤੇ ਚਲਾਏ ਜਾਂਦੇ ਪਟਾਖੇ ਵੀ ਪ੍ਰਦੂਸ਼ਣ ਫੈਲਾਉਂਦੇ ਹਨ, ਪਰ ਅਕਤੂਬਰ-ਨਵੰਬਰ 'ਚ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਲਗਾਉਣ




ਕਾਰਨ ਇਨ੍ਹਾਂ ਦੋ ਮਹੀਨਿਆਂ 'ਚ ਧੁਆਂਖੀ ਧੁੰਦ ਪੂਰੇ ਚੌਗਿਰਦੇ 'ਚ ਫੈਲ ਜਾਂਦੀ ਹੈ। ਲੋਕ ਬਿਮਾਰੀਆਂ ਦਾ ਸ਼ਿਕਾਰ ਹੋਣ ਲੱਗ ਪੈਂਦੇ ਹਨ, ਸਿਰਫ ਮੀਂਹ ਪੈਣ ਨਾਲ ਲੋਕਾਂ ਨੂੰ ਪ੍ਰਦੂਸ਼ਣ ਤੋਂ ਰਾਹਤ ਮਿਲਦੀ ਹੈ। ਕਿਸਾਨ ਖੁਦ ਵੀ ਪਰਾਲੀ ਨੂੰ ਅੱਗ ਲਗਾਉਣ ਦੇ ਹੱਕ 'ਚ ਨਹੀਂ, ਕਿਉਂਕਿ ਮਿੱਟੀ ਦੀ ਉਪਜਾਊ ਤੱਤ ਸੜ ਜਾਂਦੇ ਹਨ। ਫਸਲਾਂ ਨੂੰ ਬਿਮਾਰੀਆਂ ਵਧੇਰੇ ਲਗਦੀਆਂ ਹਨ, ਕੀਟਨਾਸ਼ਕਾਂ ਦੀਆਂ ਮਹਿੰਗੀਆਂ ਸਪਰੇਆਂ ਕਰਨੀਆਂ ਪੈਂਦੀਆਂ ਹਨ ਪਰ ਕਿਸਾਨ ਦੀ ਮਜਬੂਰੀ ਹੈ ਕਿ ਉਸ ਕੋਲ ਪਰਾਲੀ ਸੰਭਾਲਣ ਲਈ ਮਜ਼ਦੂਰਾਂ ਦੀ ਘਾਟ ਹੈ। ਦੂਜੇ ਪਾਸੇ ਪੰਜਾਬੀਆਂ ਦੇ ਪਰਿਵਾਰਾਂ ਸਮੇਤ ਵਿਦੇਸ਼ ਵਸਣ ਦੇ ਰੁਝਾਨ ਤੇ ਡੇਅਰੀ ਫਾਰਮਿੰਗ ਦੇ ਘਾਟੇ ਕਾਰਨ ਪਰਾਲੀ ਦੀ ਲੋੜ ਹੀ ਘਟ ਗਈ ਹੈ। ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦਾ ਸਿਲਸਿਲਾ ਕਰੀਬ ਦੋ ਦਹਾਕਿਆਂ ਤੋਂ ਚਲਦਾ ਆ ਰਿਹਾ ਹੈ। ਹਾਲੇ ਤੱਕ ਸਮੇਂ ਦੀਆਂ ਸਰਕਾਰਾਂ ਨੇ ਵੀ ਇਸ ਮੁੱਦੇ 'ਤੇ ਰਾਜਨੀਤੀ ਹੀ ਕੀਤੀ ਹੈ, ਸਮੱਸਿਆ ਦਾ ਕੋਈ ਢੁੱਕਵਾਂ ਤੇ ਪ੍ਰਭਾਵੀ ਹੱਲ ਨਹੀਂ ਦਿੱਤਾ। ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਨੂੰ ਸਮਾਂ ਰਹਿੰਦਿਆਂ ਮਸ਼ੀਨਰੀ ਮੁਹੱਈਆ ਨਹੀਂ ਕਰਵਾਈ ਜਾਂਦੀ। ਜਦ ਸੀਜ਼ਨ ਸ਼ੁਰੂ ਹੁੰਦਾ ਹੈ ਤਾਂ ਸਰਕਾਰ ਵੀ ਨੀਂਦ ਤੋਂ ਜਾਗ ਜਾਂਦੀ ਹੈ। ਕਿਸਾਨਾਂ ਨੂੰ ਪਰਾਲੀ ਸਾੜਨ ਖਿਲਾਫ ਚਿਤਾਵਨੀਆਂ ਦੇਣਾ ਸ਼ੁਰੂ ਕਰ ਦਿੰਦੀ ਹੈ। ਕਿਸਾਨਾਂ ਨੂੰ ਜੁਰਮਾਨੇ ਲਗਾਏ ਹਨ ਪਰ ਅੱਗ ਦੀਆਂ ਘਟਨਾਵਾਂ ਬਾਦਸਤੂਰ ਜਾਰੀ ਰਹਿੰਦੀਆਂ ਹਨ, ਕਿਉਂਕਿ ਕਿਸਾਨਾਂ ਦਾ ਪੱਖ ਇਹ ਹੈ ਕਿ ਉਨ੍ਹਾਂ ਕੋਲ ਇਸ ਸਮੱਸਿਆ ਦੀ ਹੱਲ ਨਹੀਂ ਹੈ। ਜਿਹੜੇ ਅਧਿਕਾਰੀਆਂ ਦੀਆਂ ਡਿਊਟੀਆਂ ਕਿਸਾਨਾਂ ਦੀ ਨਜ਼ਰਸਾਨੀ ਜਾਂ ਜੁਰਮਾਨੇ ਕਾਰਨ ਲਈ ਲਗਾਈ ਜਾਂਦੀ ਹੈ, ਸਮਾਂ ਰਹਿੰਦਿਆਂ ਇਨ੍ਹਾਂ ਅਧਿਕਾਰੀਆਂ ਕੋਲੋ ਪਿੰਡ 'ਚ ਸਰਵੇ ਕਰਵਾਇਆ ਜਾਵੇ ਕਿ ਕਿਹੜੇ ਕਿਸਾਨਾਂ ਕੋਲ ਹਾਲੇ ਤੱਕ ਮਸ਼ੀਨਰੀ ਨਹੀਂ ਪੁੱਜੀ, ਕਿਹੜੀਆਂ ਸਹਿਕਾਰੀ ਸੁਸਾਇਟੀਆਂ 'ਚ ਮਸ਼ੀਨਰੀ ਦੀ ਘਾਟ ਹੈ। ਪੰਜਾਬ 'ਚ ਬਹੁਤੇ ਕਿਸਾਨ ਪੰਜ ਏਕੜ ਤੋਂ ਘੱਟ ਦੀ ਖੇਤੀ ਕਰਦੇ ਹਨ। ਇਹ ਕਿਸਾਨ ਪਰਾਲੀ ਦੇ ਨਿਪਟਾਰੇ ਲਈ ਮਹਿੰਗੇ ਟਰੈਕਟਰ ਤੇ ਮਸ਼ੀਨਰੀ ਨਹੀਂ ਖਰੀਦ ਸਕਦੇ। ਨਾ ਹੀ ਕਿਸਾਨਾਂ 'ਚ ਭਾਈਬੰਦੀ ਏਨੀ ਰਹੀ ਹੈ ਕਿ ਉਹ ਰਲਮਿਲ ਕੇ ਮਸ਼ੀਨਰੀ ਖਰੀਦ ਲੈਣ। ਸਰਕਾਰ ਚਾਹੇ ਤਾਂ ਪਿੰਡ ਦੀਆਂ ਸਹਿਕਾਰੀ ਸੁਸਾਇਟੀਆਂ 'ਚ ਹਰੇਕ ਪਿੰਡ ਲਈ ਇਕ ਮਸ਼ੀਨ ਉਪਲੱਬਧ ਕਰਵਾ ਸਕਦੀ ਹੈ, ਜਿਸ ਨਾਲ ਸਮੱਸਿਆ ਅਸਾਨੀ ਨਾਲ ਹੱਲ ਕਰ ਸਕਦੀ ਹੈ। ਕੇਂਦਰ ਤੇ ਸੂਬਾ ਸਰਕਾਰ ਪਰਾਲੀ ਦੇ ਨਿਪਟਾਰੇ ਦੀਆਂ ਮਸ਼ੀਨਾਂ 'ਤੇ ਸਬਸਿਡੀ ਦਿੰਦੀ ਹੈ, ਪਰ ਛੋਟੇ ਤੇ ਦਰਮਿਆਨੇ ਕਿਸਾਨ ਹਾਲੇ ਵੀ ਮਸ਼ੀਨਰੀ ਤੋਂ ਵਾਂਝੇ ਹਨ। ਜਿਨ੍ਹਾਂ ਇਲਾਕਿਆਂ 'ਚ ਮਸ਼ੀਨਰੀ ਪੁੱਜੀ ਹੈ, ਉੱਥੇ ਅੱਗ ਲਗਾਉਣ ਦੀਆਂ ਘਟਨਾਵਾਂ 'ਚ ਕਮੀ ਆਈ ਹੈ। ਪਿਛਲੇ ਸਾਲ 2023 'ਚ 45 ਦਿਨਾਂ 'ਚ 5,554 ਅੱਗ ਦੀਆਂ ਘਟਨਾਵਾਂ ਸਾਹਮਣੇ ਆਈਆਂ, ਜਦਕਿ 2022 'ਚ ਇਹ ਗਿਣਤੀ 10,112 ਸੀ। ਜਿੰਨਾ ਚਿਰ ਹਰੇਕ ਪਿੰਡ 'ਚ ਮਸ਼ੀਨਰੀ ਨਹੀਂ ਪਹੁੰਚਦੀ, ਇਨ੍ਹਾਂ ਘਟਨਾਵਾਂ ਨੂੰ ਮੁਕੰਮਲ ਤੌਰ 'ਤੇ ਰੋਕਿਆ ਨਹੀਂ ਜਾ ਸਕਦਾ। ਅਸਲ 'ਚ ਕਿਸਾਨੀ ਮੁੱਦਿਆਂ 'ਤੇ ਸਿਆਸੀ ਪਾਰਟੀਆਂ ਨੇ ਆਪਣੀ

**ਪਿਛਲੇ ਸਾਲ 2023 'ਚ 45 ਦਿਨਾਂ 'ਚ 5,554 ਅੱਗ ਦੀਆਂ ਘਟਨਾਵਾਂ ਸਾਹਮਣੇ ਆਈਆਂ, ਜਦਕਿ 2022 'ਚ ਇਹ ਗਿਣਤੀ 10,112 ਸੀ। ਜਿੰਨਾ ਚਿਰ ਹਰੇਕ ਪਿੰਡ 'ਚ ਮਸ਼ੀਨਰੀ ਨਹੀਂ ਪਹੁੰਚਦੀ, ਇਨ੍ਹਾਂ ਘਟਨਾਵਾਂ ਨੂੰ ਮੁਕੰਮਲ ਤੌਰ 'ਤੇ ਰੋਕਿਆ ਨਹੀਂ ਜਾ ਸਕਦਾ। ਅਸਲ 'ਚ ਕਿਸਾਨੀ ਮੁੱਦਿਆਂ 'ਤੇ ਸਿਆਸੀ ਪਾਰਟੀਆਂ ਨੇ ਆਪਣੀ ਸਿਆਸਤ ਹੀ ਚਮਕਾਰੀ ਹੈ। ਸਮਾਂ ਰਹਿੰਦਿਆਂ ਕਿਸਾਨੀ ਮੁੱਦਿਆਂ ਦਾ ਕੋਈ ਹੱਲ ਨਹੀਂ ਲੱਭਿਆ ਗਿਆ। ਅਸਲ 'ਚ ਪਰਾਲੀ ਦਾ ਮੁੱਦਾ ਕੋਈ ਜ਼ਿਆਦਾ ਵੱਡਾ ਨਹੀਂ।**

ਸਿਆਸਤ ਹੀ ਚਮਕਾਰੀ ਹੈ। ਸਮਾਂ ਰਹਿੰਦਿਆਂ ਕਿਸਾਨੀ ਮੁੱਦਿਆਂ ਦਾ ਕੋਈ ਹੱਲ ਨਹੀਂ ਲੱਭਿਆ ਗਿਆ। ਅਸਲ 'ਚ ਪਰਾਲੀ ਦਾ ਮੁੱਦਾ ਕੋਈ ਜ਼ਿਆਦਾ ਵੱਡਾ ਨਹੀਂ। ਸਿਰਫ ਕੰਬਾਈਨ ਦੁਆਰਾ ਝੋਨੇ ਦੀ ਕਟਾਈ ਦੌਰਾਨ ਪਿੱਛੇ ਸੁੱਟੀ ਜਾਂਦੀ ਰਹਿੰਦ-ਖੂੰਹਦ ਦਾ ਮਸਲਾ ਹੱਲ ਹੋ ਜਾਵੇ ਤਾਂ ਬਾਕੀ ਬਚੀ ਪਰਾਲੀ ਨੂੰ ਕਿਸਾਨ ਆਸਾਨੀ ਨਾਲ ਖੇਤ 'ਚ ਵਾਹ ਸਕਦਾ ਹੈ। ਪਰ ਸਰਕਾਰ ਚੁੱਪਚਾਪ ਖੇਤੀ ਸੰਦ ਬਣਾਉਣ ਵਾਲੀਆਂ ਕੰਪਨੀਆਂ ਨੂੰ ਸਬਸਿਡੀ ਦਿੰਦੀ ਜਾ ਰਹੀ ਹੈ, ਉਹ ਇਹ ਨਹੀਂ ਦੇਖਦੀ ਕਿ ਇਹ ਮਸ਼ੀਨਰੀ ਦੇ ਨਿੱਤ ਨਵੇਂ ਪ੍ਰਯੋਗ ਕਿਸਾਨਾਂ ਨੂੰ ਕਰਜਾਈ ਕਰ ਰਹੇ ਹਨ। ਪਰਾਲੀ ਦੇ ਨਿਪਟਾਰੇ ਲਈ ਤਿਆਰ ਖੇਤੀ ਮਸ਼ੀਨਰੀ 'ਚ ਸ਼ਾਮਿਲ ਰੋਟਾਵੇਟਰ, ਕਟਲ, ਜ਼ੀਰੋ ਟਿੱਲ ਡਰਿੱਲ, ਹੈਪੀ ਸੀਡਰ, ਚੌਪਰ ਤੇ ਸੁਪਰ ਸੀਡਰ ਆਦਿ ਕੀਤੇ ਗਏ ਪ੍ਰਯੋਗ ਹਨ, ਜੋ ਕਿਸਾਨਾਂ ਨੂੰ ਕਰਜ਼ਈ ਤਾਂ ਕਰਦੇ ਹਨ ਪਰ ਪਰਾਲੀ ਦਾ ਮੁਕੰਮਲ ਨਿਪਟਾਰਾ ਨਹੀਂ ਕਰਦੇ। ਕੰਪਨੀ ਨੇ ਕਰੀਬ 2 ਕੁ ਸਾਲ ਪਹਿਲਾਂ ਸੁਪਰ ਸੀਡਰ ਬਣਾ ਕੇ ਜ਼ਬਰਦਸਤ ਪ੍ਰਚਾਰ ਕੀਤਾ ਕਿ ਇਹ ਪਰਾਲੀ ਨੂੰ ਅੱਗ ਲਗਾਏ ਬਿਨਾਂ ਹੀ ਉਸ ਦਾ ਖੇਤ 'ਚ ਨਿਪਟਾਰਾ ਕਰ ਦਿੰਦਾ ਹੈ। ਇਸ ਦਾ ਭਾਰ 8 ਤੋਂ 9 ਕੁਇੰਟਲ ਹੁੰਦਾ ਹੈ। ਇਸ ਨੂੰ ਚਲਾਉਣ ਲਈ ਘੱਟੋ-ਘੱਟ 60 ਹਾਰਸ ਪਾਵਰ ਦੇ ਟਰੈਕਟਰ ਦੀ ਲੋੜ ਸੀ, ਕੰਪਨੀ ਨੇ ਸੁਪਰ ਸੀਡਰ ਦਾ ਏਨਾ ਪ੍ਰਚਾਰ ਕੀਤਾ ਕਿ ਕਿਸਾਨਾਂ ਨੇ ਆਪਣੇ ਨਵੇਂ ਹੀ ਟਰੈਕਟਰ 2 ਢਾਈ ਲੱਖ 'ਚ ਵੇਚ ਕੇ 9 ਲੱਖ ਤੋਂ 12 ਲੱਖ ਤੱਕ ਦੀ ਕੀਮਤ ਦੇ ਟਰੈਕਟਰ ਤੇ ਢਾਈ ਲੱਖ ਦੇ ਸੁਪਰ ਸੀਡਰ ਵੱਡੇ ਕਰਜ਼ੇ ਚੁੱਕ ਕੇ ਖਰੀਦ ਲਏ ਪਰ ਪਰਾਲੀ ਦਾ ਨਿਪਟਾਰਾ ਕਰਨ 'ਚ ਸੁਪਰ ਸੀਡਰ ਵੀ ਸਫਲ ਨਹੀਂ ਹੋਇਆ। ਹੁਣ ਟਰੈਕਟਰਾਂ ਦੀ ਹਰੇਕ ਕੰਪਨੀ 12-12 ਲੱਖ ਦੇ ਟਰੈਕਟਰ ਖਰੀਦਣ ਲਈ ਕਿਸਾਨਾਂ ਨੂੰ ਪ੍ਰੇਰਿਤ ਕਰ ਰਹੀ ਹੈ। ਟਰੈਕਟਰ ਕੰਪਨੀਆਂ ਤੇ ਖੇਤੀ ਸੰਦ ਬਣਾਉਣ ਵਾਲਿਆਂ ਦੇ ਵਾਰੇ-ਨਿਆਰੇ ਹਨ ਤੇ ਕਿਸਾਨਾਂ ਦੇ ਸਿਰ ਮਹਿੰਗੇ ਟਰੈਕਟਰ ਨੇ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ ਹੈ। ਕਿਸਾਨ ਕਰਜ਼ਈ ਵੀ ਹੋ ਗਿਆ ਪਰ ਪਰਾਲੀ ਦੇ ਮਸਲੇ ਦੇ ਹੱਲ ਲਈ ਉਸ ਦੀ ਟੇਕ ਹਾਲੇ ਵੀ ਸਰਕਾਰ 'ਤੇ ਹੀ ਹੈ। ਪਰਾਲੀ ਦੇ ਨਿਪਟਾਰੇ ਲਈ ਬੇਲਰ ਮਸ਼ੀਨ ਹੀ ਗੱਠਾਂ ਬੰਨ੍ਹ ਕੇ ਖੇਤ ਦੀ ਸਫਾਈ ਕਰਦੀ ਹੈ, ਪਰ ਇਸ ਦੀ ਕੀਮਤ 14.2 ਲੱਖ ਤੋਂ ਸ਼ੁਰੂ ਹੁੰਦੀ ਹੈ, ਜੋ ਆਮ ਆਦਮੀ ਦੇ ਵੱਸ 'ਚ ਨਹੀਂ। ਪੰਜਾਬ 'ਚ ਕੁਝ ਸੀ.ਐਨ.ਜੀ. ਦੇ ਪਲਾਂਟ ਵੀ ਲੱਗੇ ਹੈ ਅਤੇ ਹੋਰ ਵੀ ਫੈਕਟਰੀਆਂ 'ਚ ਪਰਾਲੀ ਦੀ ਵਰਤੋਂ ਹੋਣ ਲੱਗੀ ਹੈ। ਜੇਕਰ ਸਰਕਾਰ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਢੁੱਕਵੀਂ ਮਸ਼ੀਨਰੀ ਹਰੇਕ ਪਿੰਡ ਦੀ ਸੁਸਾਇਟੀ 'ਚ ਭੇਜਦੀ ਹੈ ਤਾਂ ਪਰਾਲੀ ਸਾੜਨ ਦੀ ਸਮੱਸਿਆ ਹੱਲ ਹੋ ਸਕਦੀ ਹੈ, ਨਹੀਂ ਤਾਂ ਕੰਪਨੀਆਂ ਗੈਰ-ਲੋੜੀਂਦੇ ਸੰਦ ਬਣਾ ਕੇ ਕਿਸਾਨਾਂ ਦੀ ਲੁੱਟ ਕਰਦੀਆਂ ਰਹਿਣਗੀਆਂ।

## ਮਨਾਵਾਂ ਪਿੰਡ ਦੇ ਜਸਵਿੰਦਰ ਸਿੰਘ ਨੇ ਆਪਣੀ 15 ਏਕੜ ਪਰਾਲੀ ਦੀਆਂ ਗੱਠਾਂ ਬਣਾਈਆਂ

ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਮੋਗਾ ਵਿਸ਼ੇਸ਼ ਸਾਰੰਗਲ ਦੇ ਆਦੇਸ਼ਾਂ ਤਹਿਤ ਮੋਗਾ ਜ਼ਿਲ੍ਹੇ ਵਿੱਚ ਪਰਾਲੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਟੀਮਾਂ ਦਿਨ ਰਾਤ ਫੀਲਡ ਵਿੱਚ ਕੰਮ ਕਰ ਰਹੀਆਂ ਹਨ। ਮੋਗਾ ਵਿੱਚ ਬਹੁ ਗਿਣਤੀ ਵਿੱਚ ਕਿਸਾਨ ਹਨ, ਜਿਨ੍ਹਾਂ ਨੇ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਇਸ ਦਾ ਸੁਚੱਜਾ ਪ੍ਰਬੰਧਨ ਖੇਤੀਬਾੜੀ ਵਿਭਾਗ ਦੀ ਦੇਖ-ਰੇਖ ਅਤੇ ਸਹਾਇਤਾ ਨਾਲ ਕਰਨਾ ਉਚਿੱਤ ਸਮਝਿਆ। ਇਨ੍ਹਾਂ ਕਿਸਾਨਾਂ ਦੀ ਲਿਸਟ ਵਿੱਚ ਇੱਕ ਨਾਮ ਮਨਾਵਾਂ ਪਿੰਡ ਦੇ ਜਸਵਿੰਦਰ ਦਾ ਵੀ ਆਉਂਦਾ ਹੈ, ਉਸਨੇ ਆਪਣੀ 15 ਏਕੜ ਦੀ ਝੋਨੇ ਦੀ ਫ਼ਸਲ ਤੋਂ ਬਾਅਦ ਪਰਾਲੀ ਦੀਆਂ ਗੱਠਾਂ ਬਣਵਾਈਆਂ। ਕਿਸਾਨ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਸ ਨੂੰ ਪਰਾਲੀ ਦੇ ਪ੍ਰਬੰਧਨ ਵਿੱਚ ਕੋਈ ਵੀ ਦਿੱਕਤ ਨਹੀਂ ਆਈ, ਕਿਉਂਕਿ ਖੇਤੀਬਾੜੀ ਸੰਦ ਵਿਭਾਗ ਨੇ ਮੁਹੱਈਆ ਕਰਵਾ ਦਿੱਤੇ ਸਨ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਸਾਨ ਜਸਵਿੰਦਰ ਸਿੰਘ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਸਮੂਹ ਕਿਸਾਨਾਂ ਨੂੰ ਹੁਣ ਪਰਾਲੀ ਨੂੰ ਅੱਗ ਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਫ਼ਸਲਾਂ ਦੀ ਨਾੜ/ਰਹਿੰਦ-ਖੂੰਹਦ ਨੂੰ ਅੱਗ ਲਗਾਏ ਜਾਣ ਤੋਂ ਰੋਕਣ ਅਤੇ ਨਾੜ ਨੂੰ ਅੱਗ ਲਗਾਏ ਜਾਣ ਦੀ ਸੂਰਤ ਵਿੱਚ ਕਾਰਵਾਈ ਕਰਨ ਲਈ ਜ਼ਿਲ੍ਹਾ ਮੋਗਾ ਵਿੱਚ 334 ਨੋਡਲ ਅਫਸਰਾਂ ਤੋਂ ਇਲਾਵਾ ਕਲੱਸਟਰ ਅਫਸਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਾਤਾਵਰਣ ਦੀ ਸ਼ੁੱਧਤਾ ਬਰਕਰਾਰ ਰੱਖਣ ਲਈ ਕਣਕ ਦੇ ਨਾੜ/ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਨੂੰ ਯਕੀਨੀ ਬਣਾਉਣ।



# ਪੰਜਾਬ ਢੁੱਕਵੇਂ ਖੇਤੀ ਮਾਡਲ ਦੀ ਲੋੜ



ਸ. ਸ. ਚੀਨਾ

**ਇਸ ਵਕਤ ਪੰਜਾਬ ਪਾਣੀ ਦੀ ਪੱਧਰ ਦੇ ਹੇਠਾਂ ਜਾਣ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ । ਇਸ ਲਈ ਫਸਲਾਂ ਦੀ ਵਿਭਿੰਨਤਾ ਜਿਹੜੀ ਯਕੀਨੀ ਮੰਡੀਕਰਨ 'ਤੇ ਆਧਾਰਿਤ ਹੈ ਅਤੇ ਉਸ ਦੇ ਨਾਲ ਹੀ ਖੇਤੀ ਖੇਤਰ ਲਈ ਲਗਾਤਾਰ ਬਿਜਲੀ ਮੁਫਤ ਦੇਸ਼ ਸੰਬੰਧੀ ਵੀ ਮੁੜ ਵਿਚਾਰ ਕਰਨਾ ਪਵੇਗਾ । ਪੰਜਾਬ ਵਿਚ ਪਾਣੀ ਦੇ ਡੂੰਘਾ ਜਾਣ ਪਿੱਛੇ ਮੁਫਤ ਬਿਜਲੀ ਵੀ ਇਕ ਵੱਡਾ ਕਾਰਨ ਹੈ । ਓਨਾ ਪਾਣੀ ਵਰਤਿਆ ਨਹੀਂ ਜਾਂਦਾ ਜਿੰਨਾ ਬਿਜਲੀ ਮੁਫਤ ਹੋਣ ਕਰਕੇ ਜਾਇਆ ਜਾਂਦਾ ਹੈ । ਓਨੀ ਬਿਜਲੀ ਵਰਤੀ ਨਹੀਂ ਜਾਂਦੀ ਜਿੰਨੀ ਫਜ਼ੂਲ ਬਲਦੀ ਹੈ, ਇਨ੍ਹਾਂ ਸੇਵਾਵਾਂ ਤੇ ਲਾਗਤ ਜ਼ਰੂਰ ਲੱਗਣੀ ਚਾਹੀਦੀ ਹੈ ਤਾਂ ਕਿ ਬਿਜਲੀ ਅਤੇ ਪਾਣੀ ਵਰਤਣ ਵਾਲਾ ਘੱਟੋ ਘੱਟ ਇਹ ਜ਼ਰੂਰ ਮਹਿਸੂਸ ਕਰੇ ਕਿ ਇਨ੍ਹਾਂ ਦੀ ਲਾਗਤ ਹੈ ।**



ਪੰਜਾਬ ਜਾਂ ਭਾਰਤ ਦੀ ਖੇਤੀ ਸੁਧਾਰਨ ਲਈ ਕੈਨੇਡਾ, ਆਸਟ੍ਰੇਲੀਆ ਜਾਂ ਅਮਰੀਕਾ ਵਰਗੇ ਦੇਸ਼ਾਂ ਦਾ ਖੇਤੀ ਮਾਡਲ ਨਹੀਂ ਅਪਣਾਇਆ ਜਾ ਸਕਦਾ । ਭਾਰਤ ਦੀ ਧਰਤੀ ਜਿਹੜੀ ਦੁਨੀਆਂ ਦਾ 2.4 ਫੀਸਦੀ ਭਾਗ ਹੈ, ਉਸ 'ਤੇ ਦੁਨੀਆਂ ਦੇ ਸਭ ਦੇਸ਼ਾਂ ਤੋਂ ਵੱਧ 17.6 ਫੀਸਦੀ ਵਸੋਂ ਰਹਿੰਦੀ ਹੈ, ਜਿਸ ਨੇ ਖੇਤੀ ਜੋਤਾਂ ਦਾ ਆਕਾਰ ਸੀਮਤ ਕੀਤਾ ਹੋਇਆ ਹੈ । ਪੰਜਾਬ ਵਿਚ ਨਵੀਂ ਖੇਤੀ ਨੀਤੀ ਲਾਗੂ ਕੀਤੀ ਜਾ ਰਹੀ ਹੈ, ਜਿਸ ਦਾ ਉਦੇਸ਼ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨਾ ਹੈ, ਪਰ ਇਥੇ ਵੀ ਭੂਮੀ ਦਾ ਘਟਦਾ ਆਕਾਰ ਇਕ ਵੱਡੀ ਸਮੱਸਿਆ ਹੈ । ਭਾਵੇਂ ਕਿ ਪੰਜਾਬ ਉਹ ਪ੍ਰਾਂਤ ਹੈ ਜਿਥੇ ਸੀਮਤ ਜੋਤਾਂ (2.5 ਏਕੜ ਤੋਂ ਘੱਟ), ਨਾਗਾਲੈਂਡ ਨੂੰ ਛੱਡ ਕੇ ਸਭ ਤੋਂ ਘੱਟ 13 ਫੀਸਦੀ



ਹਨ, ਜਦੋਂ ਕਿ ਰਾਸ਼ਟਰ ਦੀ ਪੱਧਰ 'ਤੇ ਇਹ 74 ਫੀਸਦੀ ਹਨ ਪਰ 5 ਏਕੜ ਤੋਂ ਘੱਟ ਜੋਤਾਂ ਦੀ ਗਿਣਤੀ 74 ਫੀਸਦੀ ਹੈ । ਕੁਝ ਸਮਾਂ ਪਹਿਲਾਂ ਭਾਰਤ ਦੇ ਪ੍ਰਸਿੱਧ ਖੇਤੀ ਆਰਥਿਕ ਮਾਹਰ ਡਾ. ਜੀ ਐਸ ਭੱਲਾ ਨੇ ਇਕ ਅਧਿਐਨ ਵਿਚ ਇਹ ਰਿਪੋਰਟ ਦਿੱਤੀ ਸੀ ਕਿ ਜਿਹੜੀ ਜੋਤ ਦਾ ਆਕਾਰ 15 ਏਕੜ ਤੋਂ ਘੱਟ ਹੈ ਉਹ ਜੋਤ ਉਸ ਪਰਿਵਾਰ ਦੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਜੋਗੀ ਆਮਦਨ ਪੈਦਾ ਨਹੀਂ ਕਰ ਸਕਦੀ ਪਰ ਪੰਜਾਬ ਵਿਚ ਤਾਂ 91 ਫੀਸਦੀ ਜੋਤਾਂ 15 ਏਕੜ ਤੋਂ ਘੱਟ ਹਨ ।

ਖੇਤੀ ਵਿਚ ਘਟ ਉਪਜ ਹੋਵੇ ਜਾਂ ਜ਼ਿਆਦਾ ਹੋ ਜਾਵੇ, ਖੇਤੀ ਕੁਦਰਤੀ ਕਾਰਨਾਂ ਕਰਕੇ ਘੱਟ ਉਪਜ ਦੇਵੇ ਜਾਂ ਜ਼ਿਆਦਾ ਉਪਜ ਕਰਕੇ ਖੇਤੀ ਉਤਪਾਦਨ ਬਹੁਤ ਵਧ ਜਾਵੇ ਅਤੇ ਕੀਮਤਾਂ ਬਹੁਤ ਘੱਟ ਜਾਣ, ਉਸ ਦਾ ਪ੍ਰਭਾਵ ਸਿਰਫ ਕਿਸਾਨਾਂ 'ਤੇ ਪੈਂਦਾ ਹੈ । ਖੇਤੀ ਵਸਤੂਆਂ ਦੇ ਵਪਾਰੀ 'ਤੇ ਉਸ ਦਾ ਕੋਈ ਪ੍ਰਭਾਵ ਨਹੀਂ ਪੈਂਦਾ । ਖੇਤੀ ਵਪਾਰੀ ਹਮੇਸ਼ਾ ਲਾਭ ਕਮਾਉਂਦਾ ਹੈ । ਜਿਹੜੀ ਸਬਜ਼ੀ ਜਾਂਫਲ ਕਿਸਾਨ ਆਪਣੇ ਖੇਤ ਵਿਚ 16 ਰੁਪਏ ਕਿਲੋ ਵੇਚਦਾ ਹੈ ਉਹ ਰੇਹੜੀ 'ਤੇ 40 ਰੁਪਏ ਕਿਲੋ ਦੇ ਨਜ਼ਦੀਕ ਵਿਕਦਾ ਹੈ ਪਰ ਕਿਸਾਨ ਦਾ ਉਸ ਵਿਚ ਕੀ ਹਿੱਸਾ ਹੈ ? ਕੋਈ ਵੀ ਨਹੀਂ । ਜਿਹੜੀ ਬਾਸਮਤੀ ਕਿਸਾਨ 2000 ਰੁਪਏ ਕੁਇੰਟਲ ਵੇਚ ਕੇ ਆਪਣੇ ਖਰਚੇ ਪੂਰੇ ਕਰਦਾ ਹੈ, ਉਹ ਬਾਸਮਤੀ ਦਾ ਦਰਾਮਦਕਾਰ 8000 ਰੁਪਏ ਦੇ ਕਰੀਬ ਵੇਚਦਾ ਹੈ । ਖੇਤੀ ਵਸਤੂਆਂ ਦੇ ਵਪਾਰ ਵਿਚ ਕਿਸਾਨ ਦਾ ਹਿੱਸਾ ਪੈਦਾ ਕਰਨ ਵਾਲਾ ਖੇਤੀ ਮਾਡਲ ਪੰਜਾਬ ਜਾਂ ਭਾਰਤ ਦੀ ਖੇਤੀ ਦੇ ਅਨੁਕੂਲ ਹੈ । ਨਾ ਤਾਂ ਕਿਸਾਨ ਰੇਹੜੀ ਲਾ ਕੇ ਫਸਲ ਵੇਚ ਸਕਦਾ ਹੈ ਨਾ ਹੀ ਉਹ ਬਰਾਮਦ ਕਰ ਸਕਦਾ ਹੈ ।

ਭਾਵੇਂ ਕਿ ਉਸ ਕੋਲ ਕਿੰਨਾ ਵੀ ਵੱਡਾ ਭੂਮੀ ਆਕਾਰ ਹੋਵੇ । ਕੀਮਤ ਵਿਚ ਹਿੱਸਾ ਪੈਦਾ ਕਰਨ ਲਈ ਕਿਸਾਨ ਦੀ ਮਦਦ ਸਹਿਕਾਰਤਾ ਕਰ ਸਕਦੀ ਹੈ, ਜਿਸ ਤਰ੍ਹਾਂ ਡੇਅਰੀ ਸਹਿਕਾਰਤਾ ਵਿਚ ਕੀਤਾ ਜਾਂਦਾ ਹੈ । ਪੰਜਾਬ ਦੇ ਕੁੱਲ ਘਰੇਲੂ ਉਤਪਾਦਨ ਵਿਚ ਡੇਅਰੀ ਦਾ 9 ਫੀਸਦੀ ਹਿੱਸਾ ਹੈ, ਜਦੋਂ ਕਿ ਭਾਰਤ ਦੀ ਪੱਧਰ 'ਤੇ ਇਹ ਸਿਰਫ 5 ਫੀਸਦੀ ਹੈ । ਪਿੰਡਾਂ ਦਾ ਛੋਟਾ ਕਿਸਾਨ ਵੀ ਦੁੱਧ ਤੋਂ ਬਣੀਆਂ ਵਸਤੂਆਂ ਦੀ ਬਰਾਮਦ ਵਿਚੋਂ ਕਮਾਏ ਲਾਭ ਵਿਚ ਹਿੱਸੇਦਾਰ ਹੈ, ਜੋ ਕਿ ਸਹਿਕਾਰਤਾ ਕਰਕੇ ਸੰਭਵ ਹੋਇਆ ਹੈ ।

ਕੀ ਇਸ ਤਰ੍ਹਾਂ ਦਾ ਸਹਿਕਾਰੀ ਮਾਡਲ ਸਬਜ਼ੀਆਂ, ਫਲਾਂ, ਹੋਰ ਵਪਾਰਕ ਫਸਲਾਂ ਲਈ ਨਹੀਂ ਬਣਾਇਆ ਜਾ ਸਕਦਾ, ਜਿਸ ਨੂੰ ਅਪਨਾਉਣ ਲਈ ਸਰਕਾਰ ਦੀ ਸਰਪ੍ਰਸਤੀ ਦੀ ਉਸੇ ਤਰ੍ਹਾਂ ਹੀ ਲੋੜ ਹੈ, ਜਿਸ ਤਰ੍ਹਾਂ ਉਨ੍ਹਾਂ ਨੇ ਡੇਅਰੀ ਸਹਿਕਾਰਤਾ ਵਿਚ ਮੁਹੱਈਆ ਕੀਤੀ ਸੀ । ਪੰਜਾਬ ਭਾਵੇਂ ਦੇਸ਼ ਭਰ ਵਿਚ ਸਭ ਤੋਂ ਵਿਕਸਤ ਖੇਤੀ ਪ੍ਰਾਂਤ ਹੈ ਪਰ ਜੈਮ, ਜੂਸ, ਮੁਰੱਬੇ, ਤੇਲ ਆਦਿ ਪੰਜਾਬ ਵਿਚ ਨਹੀਂ, ਸਗੋਂ ਹੋਰ ਪ੍ਰਾਂਤਾਂ ਤੋਂ ਆ ਕੇ ਪੰਜਾਬ ਵਿਚ ਵਿਕਦੇ ਹਨ । ਸਹਿਕਾਰਤਾ ਅਧੀਨ ਖੇਤੀ ਆਧਾਰਿਤ ਉਦਯੋਗ ਪ੍ਰਾਂਤ ਦੀ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ ਅਤੇ ਹਰ ਖੇਤਰ ਵਿਚ ਉਥੋਂ ਦੀਆਂ ਜ਼ਿਆਦਾ ਅਨੁਕੂਲ ਫਸਲਾਂ ਲਈ ਸਹਿਕਾਰਤਾ ਅਧੀਨ ਉਸ ਉਪਜ 'ਤੇ ਆਧਾਰਿਤ ਉਦਯੋਗਿਕ ਇਕਾਈ ਲੱਗਣੀ ਚਾਹੀਦੀ ਹੈ । ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਅਤੇ ਨਵਾਂਸ਼ਹਿਰ ਆਦਿ ਸ਼ਹਿਰਾਂ ਦੀਆਂ ਸਹਿਕਾਰੀ ਖੰਡ ਮਿੱਲਾਂ ਨੇ ਉਨ੍ਹਾਂ ਖੇਤਰਾਂ ਦੇ ਕਿਸਾਨਾਂ ਦੀ ਆਮਦਨ ਵਧਾਉਣ ਵਿਚ ਵੱਡਾ ਯੋਗਦਾਨ ਪਾਇਆ ਸੀ । ਨਵੀਂ ਖੇਤੀ ਨੀਤੀ ਵਿਚ ਖੇਤੀ ਵਿਭਿੰਨਤਾ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀਆਂ ਤਜਵੀਜ਼ਾਂ ਰੱਖੀਆਂ ਹਨ । ਸਿਰਫ ਦੋ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਕਣਕ ਅਤੇ ਝੋਨਾ ਜਿਹੜਾ ਕੇਂਦਰੀ ਸਰਕਾਰ ਦਿੰਦੀ ਹੈ, ਉਸ ਤੋਂ ਇਲਾਵਾ ਜੇ ਹੋਰ ਪ੍ਰਮੁੱਖ ਫਸਲਾਂ ਨੂੰ ਪ੍ਰਾਂਤ ਦੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਲਵੇ ਤਾਂ ਇਸ ਵਿਚ ਸਰਕਾਰ ਦਾ ਕੀ ਨੁਕਸਾਨ ਹੈ ? ਉਹ ਖਰੀਦੀਆਂ ਅਜਿਹੀਆਂ ਫਸਲਾਂ ਹੋਰ ਪ੍ਰਾਂਤਾਂ ਵਿਚ ਵੀ ਪੰਜਾਬ ਵਿਚ ਵੀ ਵੇਚ ਸਕਦੀ ਹੈ । ਇਸ ਵਕਤ ਵੀ ਭਾਵੇਂ ਭਾਰਤ ਡੇਢ ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਇੰਨੇ ਹੀ ਮੁੱਲ ਦੇ ਤੇਲਾਂ ਦੇ ਬੀਜ ਵਿਦੇਸ਼ਾਂ ਤੋਂ ਦਰਾਮਦ ਕਰ ਰਿਹਾ ਹੈ ਪਰ ਪੰਜਾਬ ਵੀ ਨਾ ਦਾਲਾਂ ਅਤੇ ਨਾ ਤੇਲ ਬੀਜਾਂ ਵਿਚ ਆਤਮ ਨਿਰਭਰ ਹੈ । ਪੰਜਾਬ ਵਿਚ ਵੀ



ਵਿਦੇਸ਼ਾਂ ਤੋਂ ਆਈਆਂ ਦਾਲਾਂ ਅਤੇ ਤੇਲ ਬੀਜ ਵਿਕ ਰਹੇ ਹਨ । ਕੀ ਪੰਜਾਬ ਸਰਕਾਰ ਉਨ੍ਹਾਂ ਫਸਲਾਂ ਦਾ ਉਤਪਾਦਨ ਕਰ ਕੇ ਆਪ ਨਹੀਂ ਖਰੀਦ ਸਕਦੀ ਅਤੇ ਅਨਾਜ ਦੀ ਤਰ੍ਹਾਂ ਉਨ੍ਹਾਂ ਦੀ ਵਿਕਰੀ ਕਰ ਕੇ ਵੰਡ ਨਹੀਂ ਕੀਤੀ ਜਾ ਸਕਦੀ ?

ਪੰਜਾਬ ਭਾਵੇਂ ਖੇਤੀ ਵਿਚ ਭਾਰਤ ਦਾ ਪਹਿਲੇ ਦਰਜੇ ਦਾ ਪ੍ਰਾਂਤ ਹੈ, ਪਰ ਸਿਰਫ ਇਕ ਹੀ ਫਸਲ ਬਾਸਮਤੀ ਹੀ ਉਹ ਫਸਲ ਹੈ, ਜਿਸ ਦੀ ਸਾਲਾਨਾ 20 ਹਜ਼ਾਰ ਕਰੋੜ ਰੁਪਏ ਦੇ ਬਰਾਬਰ ਬਰਾਮਦ ਕੀਤੀ ਜਾਂਦੀ ਹੈ ਜਦੋਂ ਕਿ ਬਾਕੀ ਹੋਰ ਫਸਲਾਂ ਵਿਚੋਂ ਸਿਰਫ 300 ਕਰੋੜ ਰੁਪਏ ਦੀ ਬਰਾਮਦ ਹੀ ਕੀਤੀ ਜਾਂਦੀ ਹੈ । ਗੁਜਰਾਤ ਹਰਿਆਣਾ ਅਤੇ ਦਿੱਲੀ ਪ੍ਰਾਂਤ ਤੋਂ ਖੇਤੀ ਵਸਤੂਆਂ ਦੀ ਬਰਾਮਦ ਕੀਤੀ ਜਾਂਦੀ ਹੈ । ਅਸਲ ਵਿਚ ਛੋਟੇ ਦਰਜੇ ਦੀਆਂ ਜੋਤਾਂ ਕਰਕੇ ਕੋਈ ਵੀ ਫਸਲ ਨਹੀਂ ਬੀਜੀ ਜਾਂਦੀ, ਜਿਸ ਵਿਚ ਜ਼ੋਖਿਮ ਸ਼ਾਮਲ ਹੋਵੇ । ਪੰਜਾਬ ਦੀ ਖੇਤੀ ਨਿਰਯਾਤ ਕਾਰਪੋਰੇਸ਼ਨ ਨੂੰ ਰਾਸ਼ਟਰੀ ਪੱਧਰ 'ਤੇ 'ਅਪੀਡਾ' (ਖੇਤੀ ਵਸਤੂਆਂ ਦਾ ਨਿਰਯਾਤ ਕਰਨ ਵਾਲੀ ਅਥਾਰਟੀ) ਵਾਂਗ ਪੰਜਾਬ ਦੇ ਕਿਸਾਨਾਂ ਅਤੇ ਵਪਾਰੀਆਂ ਲਈ ਵਿਦੇਸ਼ਾਂ ਤੋਂ ਆਰਡਰ ਲੈਣੇ ਚਾਹੀਦੇ ਹਨ ਅਤੇ ਇਸ ਗੱਲ ਦੀ ਅਗਵਾਈ ਕਰਨੀ ਚਾਹੀਦੀ ਹੈ ਕਿ ਉਹ ਕਿਹੜੀਆਂ ਫਸਲਾਂ ਹਨ, ਜਿਨ੍ਹਾਂ ਦੀ ਵਿਦੇਸ਼ਾਂ ਵਿਚ ਮੰਗ ਹੈ । ਇਹੋ ਜਿਹੇ ਕੰਮ ਸਹਿਕਾਰੀ ਫੈਡਰੇਸ਼ਨ ਵੀ ਕਰ ਸਕਦੀ ਹੈ, ਜਿਸ ਦੇ ਮਗਰ ਸਰਕਾਰ ਦੀ ਸਰਪ੍ਰਸਤੀ ਹੋਵੇ ।

ਯਕੀਨੀ ਤੌਰ 'ਤੇ ਮੰਡੀਕਰਨ ਅਤੇ ਘੱਟੋ ਘਟ ਸਮਰਥਨ ਕੀਮਤਾਂ, ਕਿਸਾਨਾਂ ਦੀਆਂ ਬਹੁਤ ਜਾਇਜ਼ ਮੰਗਾਂ ਹਨ ਕਿਉਂ ਜੋ 95 ਫੀਸਦੀ ਕਿਸਾਨਾਂ ਨੇ ਆਪਣੀਆਂ ਘਰੇਲੂ ਲੋੜਾਂ ਖੇਤੀ ਉਪਜਾਂ ਤੋਂ ਪੂਰੀਆਂ ਕਰਨੀਆਂ ਹਨ ਅਤੇ ਉਹ ਕੋਈ ਵੀ ਉਸ ਤਰ੍ਹਾਂ ਦੀ ਫਸਲ ਨਹੀਂ ਬੀਜ ਸਕਦੇ, ਜਿਸ ਦਾ ਮੰਡੀਕਰਨ ਯਕੀਨੀ ਨਾ ਹੋਵੇ ਅਤੇ ਕੀਮਤਾਂ ਦਾ ਵੱਡਾ ਉਤਰਾਅ ਚੜਾਅ ਹੋਵੇ ਪਰ ਕਿਹੜੀਆਂ ਫਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ ਦੇਣਾ ਹੈ ਅਤੇ ਕੀ ਉਨ੍ਹਾਂ ਫਸਲਾਂ ਦੀ ਖਰੀਦ ਲਈ ਝੋਨੇ ਅਤੇ ਕਣਕ ਵਾਂਗ ਸਾਰੇ ਦੀ ਪ੍ਰਾਂਤ ਵਿਚ ਇਹ ਵਿਵਸਥਾ ਕਰਨੀ ਹੈ, ਇਹ ਇਕ ਅਜਿਹਾ ਵਿਸ਼ਾ ਹੈ ਜਿਹੜਾ ਸਰਕਾਰ ਦਾ ਖਾਸ ਧਿਆਨ ਮੰਗਦਾ ਹੈ । ਫਰਜ਼ ਕਰੋ ਸਰਕਾਰ ਵਲੋਂ ਸੂਰਜਮੁਖੀ ਫਸਲ ਦੇ ਸਮਰਥਨ ਮੁੱਲ ਦੀ ਘੋਸ਼ਣਾ ਕੀਤੀ ਜਾਂਦੀ ਹੈ ਅਤੇ ਉਹ ਬਾਕੀ ਫਸਲਾਂ ਜਿਵੇਂ ਕਣਕ ਅਤੇ ਝੋਨੇ ਤੋਂ ਜ਼ਿਆਦਾ ਲਾਭਦਾਇਕ ਹੈ ਤਾਂ ਇਸ ਤਰ੍ਹਾਂ ਦੀ ਸਥਿਤੀ ਨਾ ਬਣੇ ਕਿ ਸਾਰੇ ਪੰਜਾਬ ਵਿਚ ਸਿਰਫ ਸੂਰਜਮੁਖੀ ਦੀ ਹੀ ਖੇਤੀ ਹੋਵੇ ਅਤੇ ਬਾਕੀ ਫਸਲਾਂ ਨਕਾਰ ਦਿੱਤੀਆਂ ਜਾਣ ।

ਇਸ ਲਈ ਲੋੜ ਹੈ ਕੇਰਲਾ ਸਰਕਾਰ ਦੇ ਸਬਜ਼ੀਆਂ ਦੀ ਕਾਸ਼ਤ ਕਰਵਾਉਣ ਸੰਬੰਧੀ ਮਾਡਲ ਨੂੰ ਅਪਨਾਉਣ ਦੀ । ਉਸ ਮਾਡਲ ਅਨੁਸਾਰ ਕਿਸਾਨ, ਜਿਸ ਨੇ 16 ਸਬਜ਼ੀਆਂ ਵਿਚੋਂ ਜਿਹੜੀ ਵੀ ਸਬਜ਼ੀ ਵੇਚਣੀ ਹੈ ਉਹ 2 ਏਕੜ ਤੋਂ ਵੱਧ ਸਬਜ਼ੀ ਨਹੀਂ ਬੀਜ ਸਕਦਾ ਅਤੇ ਉਸ ਤੋਂ ਪਹਿਲਾਂ ਮੰਡੀਕਰਨ ਵਿਭਾਗ ਕੋਲ ਆਪਣੇ ਆਪ ਨੂੰ ਰਜਿਸਟਰਡ ਕਰਾਉਣਾ ਪਵੇਗਾ । ਇਸ ਤਰ੍ਹਾਂ ਦੀ ਨੀਤੀ ਪੰਜਾਬ ਦੀਆਂ ਪ੍ਰਮੁੱਖ ਫਸਲਾਂ ਲਈ ਬਣਨੀ ਚਾਹੀਦੀ ਹੈ । ਇਹ ਵੀ ਯੋਗ ਹੋਵੇਗਾ ਕਿ ਫਸਲਾਂ ਦੀ ਉਪਜ ਦੇ ਅਨੁਸਾਰ ਪੰਜਾਬ ਵਿਚ ਵੱਖ-ਵੱਖ ਜ਼ੋਨ ਬਣ ਜਾਣ, ਜਿਨ੍ਹਾ ਵਿਚ ਪੰਜਾਬ ਦੀਆਂ ਪ੍ਰਮੁੱਖ ਫਸਲਾਂ ਜਿਵੇਂ ਕਣਕ, ਝੋਨਾ, ਛੋਲੇ, ਮੂੰਗੀ, ਮੱਕੀ, ਮੂੰਗਫਲੀ ਆਦਿ ਜ਼ੋਨਾਂ ਦੇ ਅਨੁਸਾਰ ਖਰੀਦ ਕੀਤੀ ਜਾਵੇ ।

ਇਸ ਵਕਤ ਪੰਜਾਬ ਪਾਣੀ ਦੀ ਪੱਧਰ ਦੇ ਹੇਠਾਂ ਜਾਣ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ । ਇਸ ਲਈ ਫਸਲਾਂ ਦੀ ਵਿਭਿੰਨਤਾ ਜਿਹੜੀ ਯਕੀਨੀ ਮੰਡੀਕਰਨ 'ਤੇ ਆਧਾਰਿਤ ਹੈ ਅਤੇ ਉਸ ਦੇ ਨਾਲ ਹੀ ਖੇਤੀ ਖੇਤਰ ਲਈ ਲਗਾਤਾਰ ਬਿਜਲੀ ਮੁਫਤ ਦੇਸ਼ ਸੰਬੰਧੀ ਵੀ ਮੁੜ ਵਿਚਾਰ ਕਰਨਾ ਪਵੇਗਾ । ਪੰਜਾਬ ਵਿਚ ਪਾਣੀ ਦੇ ਡੂੰਘਾ ਜਾਣ ਪਿੱਛੇ ਮੁਫਤ ਬਿਜਲੀ ਵੀ ਇਕ ਵੱਡਾ ਕਾਰਨ ਹੈ । ਓਨਾ ਪਾਣੀ ਵਰਤਿਆ ਨਹੀਂ ਜਾਂਦਾ ਜਿੰਨਾ ਬਿਜਲੀ ਮੁਫਤ ਹੋਣ ਕਰਕੇ ਜਾਇਆ ਜਾਂਦਾ ਹੈ । ਓਨੀ ਬਿਜਲੀ ਵਰਤੀ ਨਹੀਂ ਜਾਂਦੀ ਜਿੰਨੀ ਫਜ਼ੂਲ ਬਲਦੀ ਹੈ, ਇਨ੍ਹਾਂ ਸੇਵਾਵਾਂ ਤੇ ਲਾਗਤ ਜ਼ਰੂਰ ਲੱਗਣੀ ਚਾਹੀਦੀ ਹੈ ਤਾਂ ਕਿ ਬਿਜਲੀ ਅਤੇ ਪਾਣੀ ਵਰਤਣ ਵਾਲਾ ਘੱਟੋ ਘੱਟ ਇਹ ਜ਼ਰੂਰ ਮਹਿਸੂਸ ਕਰੇ ਕਿ ਇਨ੍ਹਾਂ ਦੀ ਲਾਗਤ ਹੈ । ਇਹ ਸਰਕਾਰ ਦੀ ਸਰਪ੍ਰਸਤੀ ਅਤੇ ਨਿਗਰਾਨੀ ਤੋਂ ਬਗੈਰ ਸੰਭਵ ਨਹੀਂ ।

# ਆਉ ਝੋਨੇ ਦੀ ਪਰਾਲੀ ਤੋਂ ਕੀਮਤੀ ਜੈਵਿਕ ਖਾਦ ਬਣਾਈਏ

**ਝੋਨੇ ਦੀ ਪਰਾਲੀ ਤੋਂ ਖਾਦ ਬਣਾਉਣ ਦਾ ਢੰਗ**

★ ਸਭ ਤੋਂ ਪਹਿਲਾਂ ਦੀਆਂ ਚੁੱਕਣ ਵਿਚ ਅਸਾਨ 10-15 ਕਿੱਲੋ ਵਾਲੀਆਂ ਛੋਟੀਆਂ-ਛੋਟੀਆਂ ਭਰੀਆਂ ਬੰਨ੍ਹ ਲਵੋ। ਇਹਨਾਂ ਭਰੀਆਂ ਨੂੰ ਪਾਣੀ ਦੇ ਸਾਧਨ ਕੋਲ ਇਕੱਠਾ ਕਰੋ।

★ ਇਕ ਵੱਡਾ ਸਾਰਾ ਟੋਇਆ ਪੁੱਟੋ ਜਿਸ ਵਿਚ 1000 ਲਿਟਰ ਪਾਣੀ ਪਿੱਛੇ ਇਕ ਕਿਲੋ ਗੋਹਾ ਅਤੇ ਇਕ ਕਿਲੋ ਯੂਰੀਆ ਘੋਲ ਲਵੋ। ਹੁਣ ਪਰਾਲੀ ਦੀਆਂ ਭਰੀਆਂ ਨੂੰ ਇਸ ਘੋਲ ਵਿਚ 2-3 ਮਿੰਟਾਂ ਲਈ ਡੁਬੋ ਲਵੋ ਅਤੇ ਨੁੱਚੜਣ ਲਈ ਢਲਾਣ



ਵਾਲੀ ਥਾਂ ਤੇ ਇਸ ਤਰੀਕੇ ਨਾਲ ਰੱਖ ਦਿਓ ਤਾਂ ਕਿ ਨੁੱਚੜ ਰਿਹਾ ਘੋਲ ਵੀ ਟੋਏ ਵਿਚ ਹੀ ਆ ਜਾਵੇ। ਟੋਏ ਦਾ ਆਕਾਰ ਪਰਾਲੀ ਦੀ ਮਾਤਰਾ ਦਾ ਆਧਾਰ ਤੇ ਘੱਟ-ਵੱਧ ਕੀਤਾ ਜਾ ਸਕਦਾ ਹੈ। ਇਕ ਮੀਟਰ ਲੰਬਾ, ਇਕ ਮੀਟਰ ਚੌੜਾ ਅਤੇ ਇੱਕ ਮੀਟਰ ਡੂੰਘਾ ਟੋਆ 1000 ਲੀਟਰ ਪਾਣੀ ਰੱਖਣ ਦੀ ਸਮਰੱਥਾ ਰੱਖਦਾ ਹੈ।

★ ਨੁੱਚੜੀ ਹੋਈ ਪਰਾਲੀ ਦਾ ਢੇਰ ਲਾਉਣ ਲਈ ਮਿੱਟੀ ਦਾ 6 ਇੰਚ ਉੱਚਾ, 1.5 ਮੀਟਰ ਚੌੜਾ ਅਤੇ ਲੋੜ ਅਨੁਸਾਰ ਲੰਬਾ ਬੈੱਡ ਤਿਆਰ ਕਰੋ। ਅਜਿਹੇ 5 ਮੀਟਰ ਲੰਬੇ ਬੈੱਡ ਉੱਤੇ 1.5 ਮੀਟਰ ਉੱਚਾਈ ਤੱਕ ਅੰਦਾਜ਼ਨ ਪੰਜ ਕੁਇੰਟਲ ਪਰਾਲੀ ਟਿਕਾਈ ਜਾ ਸਕਦੀ ਹੈ। ਸਭ ਤੋਂ ਹੇਠਾਂ ਅਰਹਰ ਜਾਂ ਕਪਾਹ ਦੀਆਂ ਛਟੀਆਂ ਜਾਂ ਦਰੱਖਤ ਦੀਆਂ ਟਹਿਣੀਆਂ ਦਾ ਜਾਲ ਵਿਛਾਓ ਜਾਂ ਜੋ ਢੇਰ ਨੂੰ ਹੇਠਾਂ ਤੋਂ ਹਵਾ ਮਿਲਦੀ ਰਹੇ।

★ ਫਿਰ ਗਿੱਲੀਆਂ ਭਰੀਆਂ ਨੂੰ ਖੋਲ-ਖੋਲ ਕੇ ਲੋੜੀਂਦੀ ਉੱਚਾਈ ਤੱਕ ਇਕਸਾਰ ਵਿਛਾਉਂਦੇ ਆਉ। ਅਜਿਹੇ 5 ਮੀਟਰ ਲੰਬੇ ਬੈੱਡ 'ਤੇ 1.5 ਮੀਟਰ ਦੀ ਉੱਪਰ ਤੱਕ ਲਗਭਗ ਪੰਜ ਕੁਇੰਟਲ ਤੂੜੀ ਦਾ ਢੇਰ ਲਗਾਇਆ ਜਾ ਸਕਦਾ ਹੈ। ਬੈੱਡ ਤੋਂ ਪਾਣੀ ਦਾ ਨਿਕਾਸ ਵਾਧੂ ਪਾਣੀ ਦੇਣ ਦਾ ਸੰਕੇਤ ਹੈ।

★ ਪਰਾਲੀ ਦੀ ਉਪਲਬਧਤਾ ਦੇ ਹਿਸਾਬ ਨਾਲ 500-500 ਕਿੱਲੋ ਦਾ ਢੇਰ ਲਾਓ, ਜਿਨ੍ਹਾਂ ਵਿਚ 1 ਮੀਟਰ ਦਾ ਫਾਸਲਾ ਹੋਣਾ ਚਾਹੀਦਾ ਹੈ।

★ ਇਸ ਤੋਂ ਬਾਅਦ ਢੇਰ ਨੂੰ ਸੁੱਕੀ ਪਰਾਲੀ ਦੀ 20-30 ਸੈਂਟੀਮੀਟਰ ਦੇ ਕਰੀਬ ਮੋਟੀ ਤਹਿ ਨਾਲ ਢੱਕ ਦਿਓ ਤਾਂ ਕਿ ਢੇਰ ਵਿੱਚੋਂ ਧੁੱਪ ਨਾਲ ਪਾਣੀ ਨਾ ਸੁੱਕੇ ਅਤੇ ਹਵਾ ਦਾ ਆਦਾਨ-ਪ੍ਰਦਾਨ ਵੀ ਹੁੰਦਾ ਰਹੇ। 60-70% ਦੀ ਨਮੀਂ ਨਾਲ ਵਧੀਆ ਖਾਣ ਤਿਆਰ ਹੁੰਦੀ ਹੈ। ਜ਼ਿਆਦਾ ਪਾਣੀ ਦੇ ਨਤੀਜੇ ਵਜੋਂ ਢੇਰ ਵਿਚ ਐਨਾਇਰੋਬਿਕ ਸਥਿਤੀਆਂ ਬਣ ਜਾਂਦੀਆਂ ਹਨ ਅਤੇ ਪਰਾਲੀ ਚਿਪਚਿਪੀ ਹੋ ਜਾਂਦੀ ਹੈ ਅਤੇ ਘੱਟ ਪਾਣੀ ਮਾਈਕ੍ਰੋਬਾਇਲ ਗਤੀਵਿਧੀਆਂ ਨੂੰ ਘਟਾਉਂਦਾ ਹੈ ਅਤੇ ਜਿਸ ਨਾਲ ਪਰਾਲੀ ਚੰਗੀ ਤਰ੍ਹਾਂ ਨਹੀਂ ਗਲਦੀ। ਇਸ ਤੋਂ ਬਚਣ ਲਈ, ਢੇਰ ਦੀ ਲੋੜੀਂਦੀ ਨਮੀ ਦੀ ਨਿਯਮਤ ਤੌਰ 'ਤੇ ਜਾਂਚ ਕੀਤੀ ਜਾਣੀ ਚਾਹੀਦੀ ਹੈ। ਜੇਕਰ ਨਮੀ ਕਾਫੀ ਹੈ ਤਾਂ ਪਾਣੀ ਪਾਉਣ ਦੀ ਜ਼ਰੂਰਤ ਨਹੀਂ ਹੈ, ਜੇਕਰ ਨਮੀਂ ਘੱਟ ਹੈ, ਤਾਂ ਢੇਰ ਨੂੰ ਪਾਣੀ ਦੇਣਾ ਚਾਹੀਦਾ ਹੈ। ਇਸ ਲਈ ਪਲਾਸਟਿਕ ਦੀ ਪਾਈਪ ਨੂੰ ਹਰੇਕ ਤਹਿ ਵਿਚ ਧੱਕ ਕੇ ਪਰਾਲੀ ਨੂੰ ਲੋੜ ਅਨੁਸਾਰ ਗਿੱਲਾ ਕਰੋ ਅਤੇ 7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ।

★ ਤਕਰੀਬਨ 80-90 ਦਿਨਾਂ ਬਾਅਦ ਗਲ ਰਹੀ ਪਰਾਲੀ ਦਾ ਰੁੱਗ ਭਰ ਕੇ ਇਸ ਨੂੰ ਹੱਥ ਵਿਚ ਮਰੋੜਾ ਦੇ ਕੇ ਪਰਖੋ ਜੇਕਰ ਆਸਾਨੀ ਨਾਲ ਭੁਰ ਜਾਵੇ ਤਾਂ ਖਾਦ ਤਿਆਰ ਹੈ ਨਹੀਂ ਤਾਂ ਕੁੱਝ ਸਮਾਂ ਹੋਰ ਦਿਓ।

★ **ਫਾਸਫੋ-ਕੰਪੋਸਟ** : ਝੋਨੇ ਦੀ ਪਰਾਲੀ ਦੀ ਖਾਦ ਨੂੰ ਹੋਰ ਗੁਣਕਾਰੀ ਬਣਾਉਣ ਲਈ ਪਰਾਲੀ ਦਾ ਢੇਰ ਲਗਾਉਂਦੇ ਸਮੇਂ ਹਲਕੇ ਗ੍ਰੇਡ ਦਾ 30 ਕਿਲੋ ਰਾਕਫਾਸਫੇਟ ਦਾ ਛਿੱਟਾ 5 ਕੁਇੰਟਲ ਪਰਾਲੀ ਲਈ ਵਰਤੋ।

**ਝੋਨੇ ਦੀ ਪਰਾਲੀ ਵਾਲੀ ਖਾਦ ਅਤੇ ਫਾਸਫੋ-ਕੰਪੋਸਟ ਵਿਚ ਖੁਰਾਕੀ ਤੱਤਾਂ ਦੀ ਮਾਤਰਾ ਦਾ ਫਰਕ**

| ਤੱਤ | ਮਾਤਰਾ | |
|---|---|---|
| | ਝੋਨੇ ਦੀ ਪਰਾਲੀ ਵਾਲੀ ਖਾਦ | ਫਾਸਫੋ-ਕੰਪੋਸਟ |
| ਕਾਰਬਨ (%) | 22.3 | 14.8 |
| ਨਾਈਟ੍ਰੋਜਨ (%) | 1.51 | 1.78 |
| ਫਾਸਫੋਰਸ (%) | 0.64 | 2.29 |
| ਪੋਟਾਸ਼ (%) | 2.00 | 2.47 |
| ਕਾਰਬਨ : ਨਾਈਟ੍ਰੋਜਨ ਅਨੁਪਾਤ | 15:1 | 8:1 |

**ਸਾਵਧਾਨੀਆਂ :**

★ ਟੁੱਲੂ ਪੰਪ ਦੀ ਮਦਦ ਨਾਲ ਵਾਰਰਿੰਗ ਲੈਂਸ ਦੀ ਵਰਤੋਂ ਕਰਕੇ ਢੇਰਾਂ ਨੂੰ ਪਾਣੀ ਦੇਣਾ ਚਾਹੀਦਾ ਹੈ।

★ ਪਾਣੀ ਲਗਾਉਣ ਵਿਚ ਹੋਈ ਵੱਡੀ ਗਲਤੀ ਖਾਦ ਬਣਾਉਣ ਵਿਚ ਦੇਰੀ ਕਰ ਸਕਦੀ ਹੈ।

★ ਢੇਰਾਂ ਨੂੰ ਫੁਹਾਰੇ ਨਾਲ ਪਾਣੀ ਦੇਣਾ ਕੰਮ ਨਹੀਂ ਕਰਦਾ ਕਿਉਂਕਿ ਪਾਣੀ ਆਮ ਤੌਰ 'ਤੇ ਢੇਰ ਦੇ ਅੰਦਰ ਜਾਣ ਦੀ ਬਜਾਏ, ਪਾਸਿਆਂ ਤੋਂ ਹੇਠਾਂ ਵਗਦਾ ਹੈ। ਇਸ ਲਈ ਇਹ ਯਕੀਨੀ ਬਣਾਓ ਕਿ ਪਰਾਲੀ ਦੇ ਢੇਰ ਨੂੰ ਵਿੰਨ੍ਹਣ ਲਈ ਇੱਕ ਤਿੱਖੀ ਬਿੰਦੂ ਨਾਲ ਲਾਂਸ ਦੀ ਵਰਤੋਂ ਕਰਕੇ ਪਾਣੀ ਢੇਰ ਵਿਚ ਦਾਖਲ ਕੀਤਾ ਜਾ ਸਕੇ। ਇਕਸਾਰ ਪਾਣੀ ਦੇਣ ਦੇ ਉੱਦੇਸ਼ ਨਾਲ ਲਾਂਸ ਨੂੰ ਡੂੰਘਾਈ ਨਾਲ ਵਿੰਨ੍ਹੋ।

**ਅਸ਼ੋਕ ਕੁਮਾਰ ਗਰਗ ਅਤੇ ਨੀਮੀਸ਼ਾ,**
**ਫਾਰਮ ਸਾਲਹਕਾਰ ਸੇਵਾ ਕੇਂਦਰ,**
**ਸੰਗਰੂਰ** (ਮੋ. 950 18-55223)

## ਡੀ.ਏ.ਪੀ. ਦੀ ਥਾਂ ਬਦਲਵੀਆਂ ਖਾਦਾਂ ਅਪਣਾਉਣ ਦੀ ਅਪੀਲ

ਸਬ-ਡਵੀਜ਼ਨ ਅਮਲੋਹ ਦੇ ਪਿੰਡ ਬਰੌਂਗਾ ਜ਼ੇਰ ਦੇ ਸਫਲ ਕਿਸਾਨ ਪਲਵਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮਾਰਕੀਟ ਵਿੱਚ ਉਪਲੱਬਧ ਡੀ. ਏ. ਪੀ. ਦੀ ਥਾਂ ਬਦਲਵੀਆਂ ਖਾਦਾਂ ਦੀ ਵਰਤੋਂ ਨਾਲ ਸਮੇਂ ਸਿਰ ਕਣਕ ਦੀ ਬਿਜਾਈ ਕਰਨ ਨੂੰ ਤਰਜ਼ੀਹ ਦੇਣ ਤਾਂ ਜੋ ਬੇਲੋੜੀ ਦੇਰੀ ਕਾਰਨ ਕਣਕ ਦੇ ਝਾੜ ਵਿੱਚ ਕੋਈ ਫਰਕ ਨਾ ਪਵੇ। ਪਲਵਿੰਦਰ ਸਿੰਘ ਨੇ ਦੱਸਿਆ ਕਿ ਡੀ. ਏ. ਪੀ. ਵਿੱਚ 46 ਫੀਸਦੀ ਫਾਸਫੋਰਸ ਅਤੇ 18 ਫੀਸਦੀ ਨਾਈਟਰੋਜਨ ਹੁੰਦੀ ਹੈ ਅਤੇ ਮਾਰਕੀਟ ਵਿੱਚ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ ਦੇ ਕੰਬੀਨੇਸ਼ਨ ਦੀਆਂ ਕਈ ਖਾਦਾਂ ਮੌਜੂਦ ਹਨ। ਜਿਨ੍ਹਾਂ ਵਿੱਚ 12:32:16, ਸਿੰਗਲ ਸੁਪਰ ਫਾਸਫੇਟ ਅਤੇ ਐਨ. ਪੀ. ਕੇ. 16:16:16 ਵਿੱਚ ਉਪਰੋਕਤ ਤਿੰਨੇ ਤੱਤ ਮੌਜੂਦ ਹਨ, ਜੋ ਡੀ. ਏ. ਪੀ. ਦੀ ਥਾਂ 'ਤੇ ਵਰਤੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਸਿੰਗਲ ਸੁਪਰ ਫਾਸਫੇਟ ਵਿੱਚ 16 ਫੀਸਦੀ ਫਾਸਫੋਰਸ ਹੁੰਦੀ ਹੈ। ਕਿਸਾਨ ਪਲਵਿੰਦਰ ਸਿੰਘ ਨੇ ਦੱਸਿਆ ਕਿ ਮਾਰਕੀਟ ਵਿੱਚ ਉਪਲੱਬਧ 12:32:16 ਵਿੱਚ 12 ਫੀਸਦੀ ਨਾਈਟਰੋਜਨ, 32 ਫੀਸਦੀ ਫਾਸਫੋਰਸ ਅਤੇ 16 ਫੀਸਦੀ ਪੋਟਾਸ਼ ਹੁੰਦੀ ਹੈ। ਜਦੋਂ ਕਿ 16:16:16 ਐਨ. ਪੀ. ਕੇ. ਵਿੱਚ 16 ਫੀਸਦੀ ਫਾਸਫੋਰਸ, 16 ਫੀਸਦੀ ਪੋਟਾਸ਼ ਅਤੇ 16 ਫੀਸਦੀ ਨਾਈਟਰੋਜਨ ਹੁੰਦੀ ਹੈ। ਇਸੇ ਤਰ੍ਹਾਂ ਡੀ. ਏ. ਪੀ. ਦਾ ਬਦਲ ਟ੍ਰਿਪਿਲ ਸੁਪਰ ਫਾਸਫੇਟ ਵੀ ਹੈ, ਜਿਸ ਵਿੱਚ 46 ਫੀਸਦੀ ਫਾਸਫੋਰਸ ਹੁੰਦੀ ਹੈ ਅਤੇ ਇਸ ਨਾਲ ਬਿਜਾਈ ਵੇਲੇ 20 ਕਿਲੋ ਯੂਰੀਆ ਪਾਉਣਾ ਹੈ। ਸਫਲ ਕਿਸਾਨ ਪਲਵਿੰਦਰ ਸਿੰਘ ਨੇ ਕਿਹਾ ਕਿ 12:32:16 ਜੋ ਕਿ ਡੀ. ਏ. ਪੀ. ਦਾ ਬਦਲ ਹੈ, ਦਾ ਡੇਢ ਬੈਗ ਇੱਕ ਕਿਲੋ ਵਿੱਚ ਪਾਇਆ ਜਾ ਸਕਦਾ ਹੈ, ਜਿਸ ਨਾਲ ਡੀ. ਏ. ਪੀ. ਦੀ ਕਮੀ ਪੂਰੀ ਹੋ ਜਾਂਦੀ ਹੈ। ਉਹਨਾਂ ਦੱਸਿਆ ਕਿ ਫਾਸਫੋਰਸ, ਨਾਈਟਰੋਜਨ ਅਤੇ ਪੋਟਾਸ਼ ਦਾ ਸੁਮੇਲ ਇਹ ਖਾਦ ਦੀ ਵਰਤੋਂ ਕਰਨ ਨਾਲ ਫ਼ਸਲ ਦੇ ਝਾੜ 'ਤੇ ਫਰਕ ਨਹੀਂ ਪੈਂਦਾ, ਸਗੋਂ ਸਮੇਂ ਸਿਰ ਫ਼ਸਲ ਦੀ ਬਿਜਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਆਪ ਖੁਦ ਵੀ ਆਪਣੇ ਖੇਤਾਂ ਵਿੱਚ 12:32:16 ਦੀ ਵਰਤੋਂ ਨਾਲ ਆਲੂਆਂ ਦੀ ਫ਼ਸਲ ਬੀਜੀ ਹੈ, ਜਿਸ ਦੇ ਚੰਗੇ ਨਤੀਜੇ ਸਾਹਮਣੇ ਆਏ ਹਨ। ਉਹਨਾਂ ਦੱਸਿਆ ਕਿ ਉਹ ਆਪਣੇ 15 ਏਕੜ ਜ਼ਮੀਨ ਵਿੱਚ ਕਣਕ ਅਤੇ ਆਲੂਆ ਤੇ ਕਣਕ ਦੀ ਖੇਤੀ ਕਰਦੇ ਹਨ ਅਤੇ ਇਸ ਵਾਰ ਉਹ 12:32:16 ਦੀ ਮਦਦ ਨਾਲ ਕਣਕ ਦੀ ਬਿਜਾਈ ਕਰ ਰਹੇ ਹਨ, ਜਿਸ ਦੇ ਚੰਗੇ ਨਤੀਜੇ ਆਉਣਗੇ।

## ਜੈਵਿਕ ਖੇਤੀ ਕਰ ਨਾਮਣਾ ਖੱਟਣ ਵਾਲਾ ਕਿਸਾਨ : ਸ. ਰਣਧੀਰ ਸਿੰਘ ਭੁੱਲਰ

ਸ. ਰਣਧੀਰ ਸਿੰਘ ਭੁੱਲਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਬਲਾਕ ਅਮਲੋਹ ਅਧੀਨ ਪੈਂਦੇ ਪਿੰਡ ਸਲਾਣਾ ਜੀਵਨ ਸਿੰਘ ਵਾਲਾ ਦਾ ਖੇਤੀਬਾੜੀ ਵਿਚ ਨਿਵੇਕਲੀ ਸੋਚ ਰੱਖਣ ਵਾਲਾ ਅਗਾਂਹਵਧੂ ਕਿਸਾਨ ਹੈ। ਸਾਲ 2015-16 ਤੋਂ ਇਹ ਕਿਸਾਨ ਵੀਰ ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ ਨਾਲ ਜੁੜਿਆ ਹੋਇਆ ਹੈ। ਵਾਤਾਵਰਣ ਅਤੇ ਮਨੁੱਖੀ ਸਿਹਤ ਦੀ ਸਾਂਭ-ਸੰਭਾਲ ਦੀ ਮੰਸ਼ਾ ਨਾਲ ਇਹ ਕਿਸਾਨ ਵੀਰ 5 ਏਕੜ ਰਕਬੇ ਉੱਪਰ ਕਣਕ, ਛੋਲੇ, ਸਰ੍ਹੋਂ, ਹਲਦੀ, ਮੋਟੇ ਅਨਾਜਾਂ ਅਤੇ ਸਬਜ਼ੀਆਂ ਦੀ ਜੈਵਿਕ ਖੇਤੀ ਕਰ ਰਿਹਾ ਹੈ।

ਇਹ ਕਿਸਾਨ ਜ਼ਹਿਰ ਮੁਕਤ ਖੇਤੀ ਨੂੰ ਉਤਸਾਹਿਤ ਕਰਨ ਵਾਸਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਰਸਾਇਣਕ ਖਾਦਾਂ ਦੀ ਥਾਂ ਰੂੜੀ ਅਤੇ ਗੰਡੋਇਆਂ ਦੀ ਖਾਦ ਤੇ ਭਰੋਸਾ ਕਰਦਾ ਹੈ। ਇਸੇ ਤਰ੍ਹਾਂ ਭੂਮੀ ਦਾ ਜੈਵਿਕ ਮਾਦਾ ਵਧਾਉਣ ਲਈ ਮੂੰਗੀ, ਜੰਤਰ ਅਤੇ ਗਵਾਰਾ ਆਦਿ ਨੂੰ ਹਰੀ ਖਾਦ ਵਜੋਂ ਵਰਤਦਾ ਹੈ, ਫਸਲਾਂ ਨੂੰ ਕੀੜੇ-ਮਕੌੜਿਆਂ ਤੋਂ ਬਚਾਉਣ ਲਈ ਖੱਟੀ ਲੱਸੀ, ਫਟਕੜੀ, ਸਰ੍ਹੋਂ ਦੀ ਖੱਲ, ਨਿੰਮ ਦੇ ਪੱਤੇ, ਦਸ ਪੱਤਰੀ ਅਤੇ ਟ੍ਰੈਪ ਆਦਿ ਨੂੰ ਵਰਤੋਂ ਵਿਚ ਲਿਆਉਂਦਾ ਹੈ ਅਤੇ ਬੀਮਾਰੀਆਂ ਦੇ ਹਮਲੇ ਤੋਂ ਫਸਲਾਂ ਦੀ ਬਚਾਉਣ ਲਈ ਨਿੰਮ ਦਾ ਤੇਲ, ਜੀਵ ਅੰਮ੍ਰਿਤ ਵਰਗੇ ਦੇਸੀ ਨੁਸਖੇ ਵਰਤਦਾ ਹੈ ਅਤੇ ਨਦੀਨਾਂ ਦੀ ਰੋਕਥਾਮ ਲਈ ਗੁਡਾਈ ਕਰਦਾ ਹੈ।



ਉਸ ਨੇ ਖੇਤੀ ਨਾਲ ਸਬੰਧਤ ਵੱਖ-ਵੱਖ ਸਿਖਲਾਈਆਂ ਵੀ ਹਾਸਿਲ ਕੀਤੀਆਂ ਹੋਈਆਂ ਹਨ। ਉਸ ਨੇ ਸਾਲ 2016 ਤੋਂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਤੋਂ ਤਕਨੀਕੀ ਗਿਆਨ ਪ੍ਰਾਪਤ ਕਰਕੇ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਕਰਨ ਵਾਲੀ ਕਣਕ ਦੀ ਬਿਜਾਈ ਲਈ "ਹੈਪੀ ਸੀਡਰ" ਦੀ ਵਾਤਾਵਰਣ ਪੱਖੀ ਤਕਨੀਕ ਨੂੰ ਅਪਣਾਇਆ ਭਲਾਈ ਵਿਭਾਗ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਰਗੇ ਅਦਾਰਿਆਂ ਵੱਲੋਂ ਸਮੇਂ-ਸਮੇਂ ਤੇ ਪ੍ਰਸੰਸਾ ਪੱਤਰ ਵੀ ਪ੍ਰਦਾਨ ਕੀਤੇ ਗਏ ਹਨ।

ਪੀ ਏ ਯੂ ਆਰਗੈਨਿਕ ਕਲੱਬ, ਪੀ ਏ ਯੂ ਐਰੋਮੈਟਿਕ ਅਤੇ ਸਪਾਇਸ ਕਲੱਬ, ਅਮਲੋਹ ਬਲਾਕ ਖੇਤੀਬਾੜੀ ਦਫਤਰ ਅਤੇ ਹੋਰ ਖੇਤੀ ਸੰਸਥਾਵਾਂ ਨਾਲ ਜੁੜਿਆ ਰਣਧੀਰ ਸਿੰਘ ਇਲਾਕੇ ਦੇ ਕਿਸਾਨਾਂ ਦਾ ਚਾਨਣਮੁਨਾਰਾ ਹੈ, ਜੋ "ਆਤਮਾ ਸਕੀਮ" ਅਧੀਨ "ਆਰਗੈਨਿਕ ਸਕੂਲ" ਰਾਹੀਂ ਨੇੜਲੇ ਕਿਸਾਨਾਂ ਅਤੇ ਖੇਤੀਬਾੜੀ ਵਿਸ਼ੇ ਦੇ ਵਿਦਿਆਰਥੀਆਂ ਨੂੰ ਆਪਣੇ ਖੇਤਾਂ ਵਿਚ ਜੈਵਿਕ ਖੇਤੀ ਦੀਆਂ ਸਿਖਲਾਈਆਂ ਵੀ ਪ੍ਰਦਾਨ ਕਰਦਾ ਹੈ। ਖੇਤੀ ਵਿਚ ਹਮੇਸ਼ਾਂ ਕੁੱਝ ਨਵਾਂ ਸਿੱਖਣ ਦੇ ਜਜ਼ਬੇ ਨੇ ਉਸ ਨੂੰ ਚੰਡੀਗੜ੍ਹ, ਦਿੱਲੀ, ਨਾਗਪੁਰ, ਸਿੱਕਿਮ, ਆਦਿ ਥਾਵਾਂ ਦਾ ਦੌਰਾ ਕਰਨ ਲਈ ਪ੍ਰੇਰਿਆ ਹੈ। ਉਹ ਖੇਤੀ ਨਾਲ ਸਬੰਧਤ ਕਿਸਾਨ ਮੇਲਿਆਂ, ਗੋਸ਼ਟੀਆਂ, ਪ੍ਰੋਗਰਾਮਾਂ, ਸੈਮੀਨਾਰਾਂ ਆਦਿ ਵਿਚ ਹਿੱਸਾ ਲੈਂਦਾ ਰਹਿੰਦਾ ਹੈ।

ਉਸ ਨੂੰ ਆਪਣੇ ਤਿਆਰ ਕੀਤੇ ਹੋਏ ਜੈਵਿਕ ਉਤਪਾਦਾਂ ਜਿਵੇਂ ਕਿ ਹਲਦੀ ਪਾਊਡਰ, ਬਾਸਮਤੀ ਚੌਲ, ਮਲਟੀਗ੍ਰੇਨ ਆਟਾ, ਮੂੰਗੀ ਦਾਲ, ਸਰ੍ਹੋਂ ਦਾ ਤੇਲ, ਤਿੱਲ, ਕੋਧਰਾ ਅਤੇ ਵਰਮੀਕੰਪੋਸਟ ਆਦਿ ਦੇ ਮੰਡੀਕਰਨ ਲਈ ਦੂਰ-ਦੁਰਾਡੇ ਮੰਡੀਆਂ ਜਾਂ ਬਜ਼ਾਰਾਂ ਵਿਚ ਨਹੀਂ ਜਾਣਾ ਪੈਂਦਾ ਸਗੋਂ ਉਸਦੇ ਘਰ ਜਾਂ ਫਾਰਮ ਤੋਂ ਇਹ ਚੰਗੀ ਕੀਮਤ ਤੇ ਹੱਥੋਂ-ਹੱਥ ਵਿਕ ਜਾਂਦੇ ਹਨ। ਇਹ ਕਿਸਾਨ ਵੀਰ ਕਣਕ ਦੀ ਬੰਸੀ ਕਿਸਮ ਉਗਾਉਂਦਾ ਹੈ ਜਿਹੜੀ ਕਿ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਵਲੋਂ ਅਧਿਕਾਰਕ ਤੌਰ 'ਤੇ ਆਰਗੈਨਿਕ ਵ੍ਹੀਟ (ਜੈਵਿਕ ਕਣਕ) ਵਜੋਂ ਪ੍ਰਮਾਣਿਤ ਕੀਤੀ ਗਈ ਹੈ ਜਿਸ ਦਾ ਉਸ ਨੂੰ 4100/- ਰੁਪਏ ਪ੍ਰਤੀ ਕੁਇੰਟਲ ਮੁੱਲ ਮਿਲ ਜਾਂਦਾ ਹੈ।

ਉਹ ਪੁਰਾਣੇ ਖੂਹਾਂ ਨੂੰ ਵਾਟਰ ਰਿਚਾਰਜ ਅਤੇ ਤੁਪਕਾ ਸਿੰਚਾਈ ਵਰਗੀਆਂ ਤਕਨੀਕਾਂ ਅਪਣਾ ਕੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕਰਨ ਦੀ ਹਾਮੀ



ਵੀ ਭਰਤਾ ਹੈ। ਉਸ ਨੇ 4 ਗਊਆਂ ਅਤੇ 1 ਮੱਝ ਵੀ ਰੱਖੀ ਹੋਈ ਹੈ ਜਿਨ੍ਹਾਂ ਤੋਂ ਪੈਦਾ ਹੋਏ ਦੁੱਧ ਨਾਲ ਘਰ ਦੀ ਜ਼ਰੂਰਤ ਵੀ ਪੂਰੀ ਹੋ ਜਾਂਦੀ ਹੈ ਅਤੇ ਵਾਧੂ ਦੁੱਧ ਤੋਂ ਦੇਸੀ ਘਿਓ ਵੀ ਤਿਆਰ ਕਰ ਕੇ ਵੇਚ ਦਿੰਦੀ ਹੈ।

ਅੱਜ ਇਹ ਕਿਸਾਨ ਵੀਰ ਜ਼ਿਲ੍ਹੇ ਦੇ ਹੋਰਨਾਂ ਕਿਸਾਨ ਵੀਰਾਂ ਨੂੰ ਵੀ ਖੇਤੀ ਵਿਚ ਵਾਤਾਵਰਣ ਪੱਖੀ ਤਕਨੀਕਾਂ ਅਪਨਾਉਣ ਲਈ ਉਤਸਾਹਿਤ ਕਰ ਰਿਹਾ ਹੈ। ਸ. ਰਣਧੀਰ ਸਿੰਘ ਭੁੱਲਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਮਾਰਚ, 2024 ਵਿਚ ਆਯੋਜਿਤ ਕਿਸਾਨ ਮੇਲੇ ਦੌਰਾਨ ਜੈਵਿਕ ਖੇਤੀ ਵਿਚ ਆਪਣਾ ਯੋਗਦਾਨ ਪਾਉਣ ਸਦਕਾ "ਸੀ ਆਰ ਆਈ ਪੰਪਜ਼" ਪੁਰਸਕਾਰ ਨਾਲ ਨਵਾਜ਼ ਚੁੱਕੀ ਹੈ।

**ਅਜੈ ਕੁਮਾਰ ਅਤੇ ਵਿਪਨ ਕੁਮਾਰ ਰਾਮਪਾਲ**
**ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ,**
**ਮੋਬਾਇਲ : 9463355360**

# ਸਵਾਇਨ ਬੁਖਾਰ (ਸੀ ਐਸ ਐਫ)

ਮਨਦੀਪ ਕੌਰ, ਪ੍ਰਿਅੰਕਾ, ਡਾ. ਨਿਤਿਨ ਦੇਵ ਸਿੰਘ, ਕਾਲਜ ਆਫ ਵੈਟਰਨਰੀ ਸਾਇੰਸਜ਼, ਗਡਵਾਸੂ, ਲੁਧਿਆਣਾ

### ਸੀ ਐਸ ਐਫ ਕੀ ਹੈ ?

ਇਸ ਬਿਮਾਰੀ ਨੂੰ ਹੋਗ ਕੋਲਰਾ ਅਤੇ ਸਵਾਇਨ ਪਲੇਗ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਹੈ। ਇਹ ਬਿਮਾਰੀ ਪੇਸਟੀ ਵਿਸ਼ਾਣੂੰ ਨਾਮ ਦੇ ਵਿਸ਼ਾਣੂੰ ਨਾਲ ਹੁੰਦੀ ਹੈ। ਇਹ ਵਿਸ਼ਾਣੂੰ ਉਹਨਾਂ ਵਿਸ਼ਾਣੂੰਆਂ ਨਾਲ ਨੇੜਿਓਂ ਜੁੜਿਆ ਹੋਇਆ ਹੈ, ਜੋ ਪਸ਼ੂਆਂ ਵਿਚ ਬੋਵਾਇਨ ਵਾਇਰਸ ਦਸਤ ਅਤੇ ਭੇਡਾਂ ਵਿਚ ਸਰਹੱਦੀ ਬਿਮਾਰੀ ਦਾ ਕਾਰਨ ਬਣਦੇ ਹਨ ।

ਸੀ ਐਸ ਐਫ ਇੱਕ ਬਿਮਾਰੀ ਹੈ, ਜੋ ਓ ਆਈ ਈ ਵਰਲਡ ਆਰਗੇਨਾਈਜੇਸ਼ਨ ਫੋਰ ਐਨੀਮਲ ਹੈਲਥ (ਓ ਆਈ ਈ)



ਟੈਰੇਸਟ੍ਰਅਲ ਐਨੀਮਲ ਹੈਲਥ ਕੋਡ ਦੁਆਰਾ ਸੂਚੀ ਬੱਧ ਹੈ ਅਤੇ ਇਹ ਬਿਮਾਰੀ ਬਹੁਤ ਖਤਰਨਾਕ ਹੈ । ਜਿੱਥੇ ਵੀ ਇਸ ਬਿਮਾਰੀ ਦਾ ਪ੍ਰਕੋਪ ਹੋਏ ਤਾਂ ਇਸਦੀ ਰਿਪੋਰਟ ਓ ਆਈ ਈ (ਟੈਰੇਸਟ੍ਰਅਲ ਐਨੀਮਲ ਹੈਲਥ ਕੋਡ) ਨੂੰ ਦਿੱਤੀ ਜਾਣੀ ਚਾਹੀਦੀ ਹੈ ।

ਸੀ ਐਸ ਐਫ ਵਿਸ਼ਵ ਵਿਚ ਸੂਰਾਂ ਦੀ ਸਭ ਤੋਂ ਵੱਡੀ ਆਰਥਿਕ ਤੌਰ ਉੱਤੇ ਨੁਕਸਾਨ ਪਹੁੰਚਾਉਣ ਵਾਲੀ ਮਹਾਂਮਾਰੀ ਵਾਲੀਆਂ ਬਿਮਾਰੀਆਂ ਵਿੱਚੋਂ ਇੱਕ ਹੈ । ਸਰਕਾਰ ਇਸ ਬਿਮਾਰੀ ਨੂੰ ਬਹੁਤ ਗੰਭੀਰਤਾ ਨਾਲ ਲੈਂਦੀ ਹੈ ਅਤੇ ਸਖਤ ਨਿਯੰਤਰਨ ਨੀਤੀਆਂ ਅਪਣਾਉਂਦੀਆਂ ਹਨ, ਜਿਸ ਵਿਚ ਲਾਜ਼ਮੀ ਟੀਕਾਕਰਨ ਅਤੇ ਖਾਤਮੇ ਦੀਆਂ ਨੀਤੀਆਂ ਸ਼ਾਮਲ ਹਨ ।

ਇੱਕ ਸੰਵੇਦਨਸ਼ੀਲ (ਜੇਰ-ਟੀਕਾਕਰਨ) ਝੁੰਡ ਵਿਚਲੇ ਸਾਰੇ ਸੂਰ ਪ੍ਰਭਾਵਿਤ ਹੁੰਦੇ ਹਨ । ਇਹ ਬੁਖਾਰ, ਬੇਚੈਨੀ, ਭੁੱਖ ਨਾ ਲੱਗਣਾ, ਦਸਤ, ਅਧਰੰਗ, ਗਰਭਪਾਤ ਅਤੇ ਕੰਬਦੇ ਹੋਏ ਸੂਰਾਂ ਦਾ ਜਨਮ ਸਮੇਤ ਆਮ ਬਿਮਾਰੀਆਂ, ਇਸਦਾ ਕਾਰਨ ਬਣਦੀਆਂ ਹਨ । ਸੀ ਐਸ ਐਫ ਦਾ ਮੌਤ ਦਰ ਬਹੁਤ ਜ਼ਿਆਦਾ ਹੈ । ਵਿਸ਼ਾਣੂੰ ਦੀ ਸਿਰਫ ਇਕ ਸੀਰੋ ਟਾਈਪ ਹੈ ਜਿਸ ਨੂੰ ਬਿਮਾਰੀ ਨਾ ਕਰਨ ਵਾਲੇ ਰੂਪ ਵਿਚ ਲਿਆ ਕੇ ਟੀਕਾਕਰਨ ਲਈ ਵਰਤਿਆ ਜਾਂਦਾ ਹੈ ਅਤੇ ਇਹ ਟੀਕੇ ਬਹੁਤ ਪ੍ਰਭਾਵਸ਼ਾਲੀ ਹਨ । ਇਹ ਵਿਸ਼ਾਣੂੰ ਕੱਚੇ ਮੀਟ ਵਿਚ ਜਿੰਦਾ ਰਹਿੰਦਾ ਹੈ ਅਤੇ ਇਸ ਲਈ ਕੱਚਾ ਮੀਟ ਸੂਰਾਂ ਨੂੰ ਖੁਆਇਆ ਨਹੀਂ ਜਾਣਾ ਚਾਹੀਦਾ ।

### ਸੀ ਐਸ ਐਫ ਬਿਮਾਰੀ ਕਿਵੇਂ ਫੈਲਦੀ ਹੈ ?

★ ਭਾਰਤ ਵਿਚ ਸੀ ਐਸ ਐਫ ਦੇ ਪ੍ਰਕੋਪ ਦੀ ਰਿਪੋਰਟ ਬਹੁਤ ਸਾਰੇ ਰਾਜਾਂ ਵਿਚ ਹੋਈ ਹੈ, ਇਹ ਉੱਤਰ-ਪੂਰਵੀ ਰਾਜਾਂ ਵਿੱਚ ਦੇਖੀ ਗਈ ਹੈ ।

★ ਵਿਸ਼ਾਣੂੰ ਲਾਰ, ਨੱਕ ਰਾਹੀਂ, ਪਿਸ਼ਾਬ ਅਤੇ ਮਲ ਵਿਚ ਵਹਾਇਆ ਜਾਂਦਾ ਹੈ ।

★ ਦੂਸ਼ਿਤ ਵਾਹਨਾਂ, ਸ਼ੈਡਾਂ, ਫੀਡ ਜਾਂ ਕੱਪੜਿਆਂ ਦੇ ਸੰਪਰਕ ਨਾਲ ਬਿਮਾਰੀ ਫੈਲ ਸਕਦੀ ਹੈ ।

★ ਉਹ ਜਾਨਵਰ ਜੋ ਬਿਮਾਰੀ ਦੇ ਭਿਆਨਕ ਵਾਹਕ ਹਨ (ਨਿਰੰਤਰ ਸੰਕਰਮਿਤ), ਬਿਮਾਰੀ ਦੇ ਕੋਈ ਲੱਛਣ ਨਹੀਂ ਦਿਖਾ ਸਕਦੇ ਪਰ ਉਹ ਆਪਣੇ ਮਲ ਰਾਹੀਂ ਵਿਸ਼ਾਣੂੰ ਨੂੰ ਫੈਲਾ ਸਕਦੇ ਹਨ ।

★ ਗਰਭਵਤੀ ਸੂਰੀ/ਸੂਰਨੀ ਦਾ ਬੱਚਾ ਗਰਭਾਸ਼ਯ ਸਮੇਂ ਵਿਚ ਸੰਕਰਮਿਤ ਹੋ ਸਕਦਾ ਹੈ ਅਤੇ ਮਹੀਨਿਆਂ ਤੱਕ ਵਿਸ਼ਾਣੂੰ ਨੂੰ ਫੈਲਾ ਸਕਦਾ ਹੈ ।

★ ਮੀਟ ਨੂੰ ਸਟੋਰ ਕਰਨ ਲਈ ਜਦੋਂ ਮੀਟ ਠੰਡਾ ਜਾਂ ਜਮਾਇਆ ਜਾਂਦਾ ਹੈ ਤਾਂ ਇਹ ਵਿਸ਼ਾਣੂੰ ਠੰਡੇ ਮੀਟ ਵਿਚ ਵੀ ਸਾਲਾਂ ਤੱਕ ਜਿਊਂਦਾ ਰਹਿ ਸਕਦਾ ਹੈ ।

★ ਇਹ ਵਿਸ਼ਾਣੂੰ ਸੂਰ ਦੇ ਮਾਸ (ਪੋਰਕ) ਰਾਹੀਂ ਵੀ ਫੈਲਦਾ ਹੈ ਕਿਉਂਕਿ ਸੀ ਐਸ ਐਫ ਨਾਲ ਸੰਕਰਮਿਤ ਸੂਰ ਦਾ ਮਾਸ ਜਾਂ ਉਤਪਾਦ ਖਾਣ ਨਾਲ ਸੂਰ ਸੰਕਰਮਿਤ ਹੋ ਸਕਦੇ ਹਨ, ਕਿਉਂਕਿ ਇਹ ਵਿਸ਼ਾਣੂੰ ਮਰਨ ਤੋਂ ਬਾਅਦ ਵੀ ਉਸਦੇ ਮਾਸ ਵਿਚ ਰਹਿੰਦਾ ਹੈ ।

### ਸੀ ਐਸ ਐਫ ਨਾਲ ਜਨਤਕ ਸਿਹਤ ਦਾ ਜੋਖਮ :

★ ਮਨੁੱਖ ਇਸ ਵਾਇਰਸ ਨਾਲ ਪ੍ਰਭਾਵਿਤ ਨਹੀਂ ਹੁੰਦੇ ।

★ ਸੂਰ ਇੱਕੋ-ਇੱਕ ਅਜਿਹੀ ਪ੍ਰਜਾਤੀ ਹੈ ਜਿਸਨੂੰ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ ।

### ਸੀ ਐਸ ਐਫ ਦੇ ਲੱਛਣ :

ਇਹ ਬਿਮਾਰੀ ਬਹੁਤ ਭਿਆਨਕ ਹੈ ਅਤੇ ਹਰ ਉਮਰ ਦੇ ਸੂਰਾਂ ਨੂੰ ਸੰਕਰਮਿਤ ਕਰ ਸਕਦੀ ਹੈ । ਸੰਕਰਮਿਤ ਸੂਰਾਂ ਵਿਚ ਹੇਠ ਲਿਖੇ ਲੱਛਣ ਆਉਂਦੇ ਹਨ :

★ ਇਕ ਨਿਰੰਤਰ ਸ਼ੁਰੂਆਤੀ ਚਿੰਨ੍ਹ, ਜੋ ਮੌਤ ਤੋਂ ਠੀਕ ਪਹਿਲਾਂ ਤੱਕ ਪੂਰੀ ਬਿਮਾਰੀ ਵਿਚ ਬਣਿਆ ਰਹਿੰਦਾ ਹੈ, ਇੱਕ ਤੇਜ਼ ਬੁਖਾਰ, ਜੋ ਕਿ 42°C (107°F) ਤੋਂ ਵੱਧ ਰਹਿੰਦਾ ਹੈ । ਇਸ ਲਈ ਬਿਮਾਰ ਸੂਰਾਂ ਦੇ ਸਰੀਰ ਦੇ ਤਾਪਮਾਨ ਦੀ ਜਾਂਚ ਕਰਨੀ ਜ਼ਰੂਰੀ ਹੈ ।

★ ਬਿਮਾਰ ਜਾਨਵਰਾਂ ਦਾ ਇਕੱਠ ਵਿੱਚ ਰਹਿਣਾ ।

★ ਭੁੱਖ ਨਾ ਲੱਗਣਾ ।

★ ਸੂਰ ਦਾ ਸੁਸਤ ਅਤੇ ਕਮਜ਼ੋਰ ਹੋਣਾ ।

★ ਅੱਖਾਂ ਦਾ ਲਾਲ ਹੋਣਾ ਅਤੇ ਅੱਖਾਂ ਵਿਚ ਜਲਣ ਹੋਣਾ ਇਹ ਸਮੇਂ ਦੇ ਨਾਲ ਵਿਗੜ ਜਾਂਦਾ ਹੈ । ਸਮੇਂ ਦੇ ਨਾਲ ਅੱਖਾਂ ਦਾ ਡਿਸਚਾਰਜ ਸੰਘਣਾ ਹੁੰਦਾ ਹੈ, ਜਦੋਂ ਤੱਕ ਕਿ ਕੁੱਝ ਪਲਕਾਂ ਪੂਰੀ ਤਰ੍ਹਾਂ ਬੰਦ ਨਹੀਂ ਹੋ ਜਾਂਦੀਆਂ ਹਨ ।

★ ਕਬਜ਼ ਤੋਂ ਬਾਅਦ ਦਸਤ ਲੱਗਣਾ । ਬਿਮਾਰੀ ਦੇ ਗੰਭੀਰ ਰੂਪ ਵਿਚ ਦਸਤ ਵਿਗੜ ਜਾਂਦੇ ਹਨ ਅਤੇ ਕੁਝ ਸੂਰ ਇੱਕ ਪੀਲੇ ਰੰਗ ਦੀ ਉਲਟੀ ਕਰਦੇ ਹਨ ।

★ ਅਸਥਿਰ ਚਾਲ ।

★ ਸੂਰਾਂ ਦੀ ਚਮੜੀ ਨੀਲੀ (ਬੈਂਗਣੀ) ਹੋ ਜਾਂਦੀ ਹੈ, ਪਹਿਲਾਂ ਕੰਨਾਂ ਅਤੇ ਪੂੰਛ ਦੇ ਉੱਪਰ, ਉਸ ਤੋਂ ਬਾਅਦ ਹੇਠਲੀਆਂ ਲੱਤਾਂ, ਢਿੱਡ ਅਤੇ ਪਿੱਠ ਨੀਲੀ ਪੈ ਜਾਂਦੀ ਹੈ ।

★ ਸੰਕਰਮਿਤ ਸੂਰ ਵਿਚ ਅਧਰੰਗ ਦੇ ਨਤੀਜੇ ਵਜੋਂ ਦਿਮਾਗੀ ਲੱਛਣ ਜਿਵੇਂ ਕਿ ਅਸਥਿਰ ਚਾਲ ਅਤੇ ਬੈਠਣ ਜਾਂ ਲੇਟਣ ਦੀ ਸਥਿਤੀ ਵਿੱਚ ਡਿੱਗਣ ਦੀ ਪ੍ਰਵਿਰਤੀ ਦੇਖੀ ਜਾਂਦੀ ਹੈ ।

★ ਗੰਭੀਰ ਬਿਮਾਰੀ ਵਾਲੇ ਪਸ਼ੂ 1-2 ਹਫਤਿਆਂ ਦੇ ਅੰਦਰ ਮਰ ਜਾਂਦੇ ਹਨ ।

★ ਕਈ ਵਾਰ ਇਹ ਬਿਮਾਰੀ ਬਹੁਤ ਸਮੇਂ ਤੱਕ ਚਲਦੀ ਹੈ ਅਤੇ ਉਸ ਦੌਰਾਨ ਕੰਨ ਪੇਟ ਅਤੇ ਉਸਦੇ ਪੱਟਾਂ ਵਿਚ ਜਾਮਨੀ ਰੰਗ ਦਿਖਾਈ ਦੇ ਸਕਦਾ ਹੈ ।

★ ਸੂਰੀ ਦੀ ਗਰਭਾਸ਼ਯ ਅਤੇ ਬੱਚੇ ਦੇਣ ਦੀ ਸ਼ਕਤੀ ਘੱਟ ਜਾਂਦੀ ਹੈ ।

★ ਸੰਕਰਮਿਤ ਸੂਰੀ ਜੇ ਬੱਚੇ ਦਿੰਦੀ ਵੀ ਹੈ ਤਾਂ ਉਹਨਾਂ ਵਿੱਚ ਜਮਾਂਦਰੂ ਕੰਬਣ ਵਾਲੇ ਰੋਗ ਦੇਖੇ ਜਾਂਦੇ ਹਨ । ਜਿਸ ਕਰਕੇ ਕਈ ਵਾਰ ਉਹਨਾਂ ਦੀ ਮੌਤ ਹੋ ਜਾਂਦੀ ਹੈ ।

★ ਸੂਰ ਦੇ ਸੰਕਰਮਿਤ ਬੱਚੇ ਠੰਢੇ,



ਕੰਬਦੇ ਅਤੇ ਇਕੱਠੇ ਹੋ ਜਾਂਦੇ ਦਿਖਾਈ ਦਿੰਦੇ ਹਨ ।

### ਸੀ ਐਸ ਐਫ ਦੇ ਪੋਸਟ-ਮਾਰਟਮ ਜ਼ਖਮ :

★ ਜਦੋਂ ਸੂਰ ਮਰ ਜਾਂਦਾ ਹੈ ਤਾਂ ਉਸਦੀਆਂ ਅੰਤੜੀਆਂ ਵਿੱਚ ਬਟਨ ਦੀ ਤਰ੍ਹਾਂ ਦਿਖਣ ਵਾਲੇ ਛਾਲੇ ਹੋ ਜਾਂਦੇ ਹਨ ।

★ ਸਾਰੀ ਚਮੜੀ ਨੀਲੀ ਪੈ ਜਾਂਦੀ ਹੈ ।

★ ਗਿਲਟੀਆਂ, ਅੰਤੜੀਆਂ, ਗੁਰਦੇ, ਤਿਲੀ, ਗਲੇ ਅਤੇ ਟੌਨਸਿਲ ਵਿਚ ਖੂਨ ਦੇ ਧੱਬੇ ਦੇਖਣ ਨੂੰ ਮਿਲਦੇ ਹਨ ।

### ਸੀ ਐਸ ਐਫ ਦੀ ਰੋਕਥਾਮ ਅਤੇ ਨਿਯੰਤਰਨ ਕਿਵੇਂ ਕੀਤਾ ਜਾ ਸਕਦਾ ਹੈ ?

★ ਜੇਕਰ ਤੁਸੀਂ ਕਿਸੇ ਅਜਿਹੇ ਦੇਸ਼ ਵਿਚ ਖੇਤੀ ਕਰਦੇ ਹੋ ਜਿੱਥੇ ਸੀ ਐਸ ਐਫ ਸਥਾਈ ਹੁੰਦੀ ਹੈ ਜਾਂ ਜਿੱਥੇ ਸੀ ਐਸ ਐਫ ਹੋਣ ਦਾ ਖਤਰਾ ਹੁੰਦਾ ਹੈ, ਉੱਥੇ ਜੇਕਰ ਟੀਕਾਕਰਨ ਦੀ ਇਜਾਜਤ ਹੈ ਤਾਂ ਆਪਣੇ ਝੁੰਡ ਨੂੰ ਨਿਯਮਤ ਤੌਰ ਉੱਤੇ ਟੀਕਾਕਰਨ ਕਰਨਾ ਚਾਹੀਦਾ ਹੈ ਕਿਉਂਕਿ ਟੀਕਾਕਰਨ ਕਰਨ ਨਾਲ ਬਿਮਾਰੀ ਦੇ ਫੈਲਣ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ ।

★ ਸੀ ਐਸ ਐਫ ਨੂੰ ਰੋਕਣ ਲਈ ਮਹੱਤਵਪੂਰਨ ਸਾਵਧਾਨੀਆਂ ਵਿੱਚ ਸੈਲਾਨੀਆਂ ਨੂੰ ਘੱਟ ਤੋਂ ਘੱਟ ਘਟਾਉਣਾ, ਵਾਹਨਾਂ ਤੋਂ ਹੋਣ ਵਾਲੀ ਗੰਦਗੀ ਦੇ ਵਿਰੁੱਧ ਸਾਵਧਾਨੀਆਂ ਵਰਤਣਾ ਅਤੇ ਕਿਸੇ ਵੀ ਸੂਰ ਦੇ ਮਾਸ ਉਤਪਾਦਾਂ ਦੀ ਆਗਿਆ ਨਾ ਦੇਣਾ ਸ਼ਾਮਲ ਹੈ ।

★ ਸੂਰਾਂ ਦੀਆਂ ਸ਼ੈਡਾਂ ਨੂੰ ਆਵਾਰਾ ਜਾਨਵਰਾਂ ਖਾਸ ਕਰਕੇ ਜੰਗਲੀ ਸੂਰਾਂ ਅਤੇ ਸੰਕਰਮਿਤ ਸੂਰਾਂ ਤੋਂ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ ।

★ ਸੰਕਰਮਿਤ ਸੂਰਾਂ ਨੂੰ ਅਲੱਗ ਕਰਕੇ ਮਾਰ ਦੇਣਾ ਚਾਹੀਦਾ ਹੈ ਤਾਂ ਜੋ ਇਹ ਵਿਸ਼ਾਣੂੰ ਅੱਗੇ ਨਾ ਫੈਲ ਸਕੇ, ਕਿਉਂਕਿ ਇਸ ਵਿਸ਼ਾਣੂੰ ਦਾ ਕੋਈ ਇਲਾਜ ਨਹੀਂ ਹੈ ।

★ ਸੰਕਰਮਿਤ ਸੂਰਾਂ ਨੂੰ ਮਾਰਨਾ ਹੀ ਇਸ ਬਿਮਾਰੀ ਦੀ ਰੋਕਥਾਮ ਹੈ ।

★ ਮਰੇ ਹੋਏ ਸੂਰਾਂ ਨੂੰ ਚੰਗੀ ਤਰ੍ਹਾਂ ਡੂੰਘਾ ਟੋਇਆ ਪੁੱਟ ਕੇ ਦਫਨਾਇਆ ਜਾਣਾ ਚਾਹੀਦਾ ਹੈ, ਤਾਂ ਜੋ ਵਿਸ਼ਾਣੂੰ ਦਾ ਕੋਈ ਵੀ ਕਣ ਬਾਹਰ ਨਾ ਰਹਿ ਜਾਏ ਜੋ ਅੱਗੇ ਬਿਮਾਰੀ ਫੈਲਣ ਦਾ ਕਾਰਨ ਬਣੇ ।

★ ਫਾਰਮ ਦੀ ਸਾਫ ਸਫਾਈ ਰੱਖਣੀ ਬਹੁਤ ਜ਼ਰੂਰੀ ਹੈ । ਫਾਰਮ ਵਿਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਵਸਤੂਆਂ ਕਿਟਾਣੂੰ ਨਾਸ਼ਕ ਨਾਲ ਸਾਫ ਕਰਨੀਆਂ ਚਾਹੀਦੀਆਂ ਹਨ ।

★ ਇਸ ਬਿਮਾਰੀ ਲਈ ਟੀਕਾਕਰਨ ਬਹੁਤ ਜ਼ਰੂਰੀ ਹੈ । ਹੇਠ ਲਿਖੇ ਅਨੁਸਾਰ ਟੀਕਾਕਰਨ ਦਾ ਕਾਰਜਕ੍ਰਮ :

| ਟੀਕੇ ਦਾ ਨਾਮ | ਪਹਿਲਾ ਟੀਕਾ | ਦੂਸਰਾ ਟੀਕਾ | ਸਲਾਨਾ ਟੀਕਾ |
|---|---|---|---|
| ਸਵਾਈਨ ਬੁਖਾਰ ਦਾ ਟੀਕਾ | ਦੋ ਮਹੀਨਿਆਂ ਦੀ ਉਮਰ ਵਿਚ | ਤਿੰਨ ਮਹੀਨੇ (ਪਹਿਲੇ ਟੀਕੇ ਦੇ ਇਕ ਮਹੀਨੇ ਬਾਅਦ) | ਹਰ ਛੇ ਮਹੀਨਿਆਂ ਬਾਅਦ ਦੁਹਰਾਓ |

★ ਗਰਭਵਤੀ ਸੂਰੀ ਵਿਚ 50 ਦਿਨਾਂ ਤੋਂ ਘੱਟ ਦੀ ਗਰਭ ਅਵਸਥਾ ਵਿਚ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ ਅਤੇ ਗਰਭ ਅਵਸਥਾ ਦੇ 50 ਦਿਨਾਂ ਤੋਂ ਵੱਧ ਵਿਚ ਟੀਕਾਕਰਨ ਨਹੀਂ ਕਰਨਾ ਚਾਹੀਦਾ ਹੈ ।

### ਸੀ ਐਸ ਐਫ ਦਾ ਇਲਾਜ :

ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ ।

# ਸੰਘਣੀ ਛਾਂ ਸਨ ਸਾਡੇ ਵੱਡ ਵਡੇਰੇ ਬਾਬੇ

ਜਿਵੇਂ ਹੀ ਮਨੁੱਖ ਜੰਗਲੀ ਹਾਲਤ ਤੋਂ ਬਾਹਰ ਹੁੰਦਾ ਗਿਆ ਤੇ ਸੱਭਿਅਤਾ ਵਲ ਕਦਮ ਵਧਾਉਂਦਾ ਗਿਆ, ਤਿਉਂ ਹੀ ਉਹ ਕੁਦਰਤ ਤੋਂ ਦੂਰ ਹੁੰਦਾ ਗਿਆ ਅਤੇ ਆਪਣੇ ਆਪ ਵਿਚ ਵਿੱਥਾਂ ਪਾਉਂਦਾ ਗਿਆ ਅਤੇ ਸਮੇਂ ਸਮੇਂ ਤੇ ਮਾਨਸਿਕ ਪ੍ਰਦੂਸ਼ਣ ਨਾਲ ਗਰਮ ਜੋਸ਼ੀ ਨਾਲ ਹੱਥ ਮਿਲਾਉਣ ਵੱਲ ਰੁਚਿਤ ਹੋਣਾ ਚੰਗਾ ਸਮਝਣਾ ਸ਼ੁਰੂ ਕਰ ਲਿਆ । ਅੱਜ ਤੋਂ ਸਦੀ ਕੁ ਪਹਿਲਾਂ ਜੀਵਨ ਸ਼ੈਲੀ ਤੇ ਨਜ਼ਰ ਮਾਰੀਏ ਤਾਂ ਹੀ ਪਤਾ ਲੱਗਦਾ ਹੈ ਕਿ ਲੋਕ ਕਿਰਤ ਕਰ ਖਾਣਾ ਤੇ ਵੰਡਣਾ ਤੇ ਸ਼ੁਕਰ ਕਰਨਾ ਦੇ ਧਾਰਨੀ ਸਨ । ਹੱਥੀਂ ਕਰਨ ਤੋਂ ਬਿਨਾਂ ਜੀਵਨ ਅਧੂਰਾ ਤੇ ਬੇਲੋੜਾ ਸਮਝਦੇ ਸਨ ਅਤੇ ਹੱਥ ਦੇ ਸਚਿਆਰੇ ਨੂੰ ਹਰ ਥਾਂ ਤੇ ਸਲਾਹਿਆ ਜਾਂਦਾ ਸੀ ਕਿਉਂਕਿ ਹੱਥਾਂ ਦਾ ਸਚਿਆਰਾ ਜਿੱਥੇ ਮਰਜੀ ਬੈਠਕੇ ਖਾ ਲਵੇ । ਭਾਵ ਜਿੱਥੇ ਵੀ ਰਹੇ ਕਮਾਈ ਕਰ ਪੇਟ ਭਰ ਕੇ ਸੌਂਵੇਗਾ । ਹੱਥੀਂ ਕੰਮ ਕਰਨ ਵਾਲਿਆਂ ਵਿਚ ਮਾਨਵੀ ਗੁਣਾਂ ਦਾ ਆਉਣਾ ਕੁਦਰਤੀ ਹੈ । ਆਪਣਾ ਪਰਵਾਰ ਨਹੀਂ ਸਗੋਂ ਸਾਰੀ ਦੁਨੀਆਂ ਹੀ ਚੰਗੀ ਲਗਦੀ ਹੈ । ਹਰ ਇਕ ਨੂੰ ਆਪਣਾ ਸਮਝਦੇ ਹਾਂ । ਸਬਰ ਸੰਤੋਖ ਨਾਲ ਜਿਊਣਾ ਬੇਹਤਰ ਸਮਝਦੇ ਸਨ । ਹਿਰਦੇ ਦੀ ਸਾਂਝ ਨੂੰ ਤਕੜਾ ਰੱਖਣ ਲਈ ਆਪਦੇ ਵਿਚਾਰਾਂ ਨੂੰ ਮਖੌਟਾ ਨਹੀਂ ਪਹਿਨਦੇ ਸਨ ਅਤੇ ਭੇਖ ਨਹੀਂ ਸੀ ਅਪਨਾਉਂਦੇ ਸਨ । ਜੋ ਉਹਨਾਂ ਦੇ ਅੰਦਰ ਹੁੰਦਾ ਸੀ ਉਹ ਉਸੇ ਤਰ੍ਹਾਂ ਇੰਨ ਬਿੰਨ ਅਗਲੇ ਦੇ ਮੂਹਰੇ ਰਖ ਦਿੰਦੇ ਸਨ । ਸਚ ਬੋਲਣ ਵਿਚ ਹਿਚ-ਕਚਾਹਟ ਨਹੀਂ ਕਰਦੇ ਸਨ । ਵਿਰਸੇ ਦੀਆਂ ਨਵੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਜਿਉਂਦਾ ਰੱਖਣ ਲਈ ਬੋਹੜ ਵਰਗੀ ਛਾਂ ਵਰਗਿਆਂ ਬਾਬਿਆਂ ਦੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ ਜੋ ਮੰਨ ਗਏ ਉਹ ਪਾਰਸ ਬਣ ਗਏ ਹਨ ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249



# ਪਰਾਲੀ ਸਾੜਨਾ ਮਨੁੱਖੀ ਜੀਵਨ ਲਈ ਹਾਨੀਕਾਰਕ

ਕਿਸਾਨਾਂ ਵੱਲੋਂ ਖੇਤਾਂ ਦੀ ਪਰਾਲੀ ਨੂੰ ਅੱਗ ਲਗਾਉਣਾ ਅਜੇ ਤੱਕ ਉਲਝੀ ਤੰਦ ਬਣਿਆ ਹੋਇਆ ਹੈ। ਕਿਸਾਨ ਅਤੇ ਸਰਕਾਰਾਂ ਇਸ ਮੁੱਦੇ ਤੇ ਆਹਮੋ-ਸਾਹਮਣੇ ਹਨ। ਕਿਸਾਨ ਆਰਥਕ ਮੰਦਹਾਲੀ ਅਤੇ ਪਰਾਲੀ ਖਤਮ ਕਰਨ ਲਈ ਸਰਕਾਰ ਵਲੋਂ ਮਸ਼ੀਨਰੀ ਉਪਲਬਧ ਨਾ ਕਰਾਉਣ ਦਾ ਵਾਸਤਾ ਪਾ ਕੇ ਪਰਾਲੀ ਸਾੜਨ ਨੂੰ ਆਪਣੀ ਮਜਬੂਰੀ ਦੱਸ ਰਹੇ ਹਨ ਜਦਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਵਾਤਾਵਰਣ ਪ੍ਰਤੀ ਸੁਚੇਤ ਹੋਣ ਦਾ ਪ੍ਰਗਟਾਵਾ ਕਰਦਿਆਂ ਸਰਕਾਰਾਂ ਨੂੰ ਪ੍ਰਤੀ ਸਖਤਾਈ ਕਰਨ ਦੀ ਹਦਾਇਤ ਕੀਤੀ ਹੋਈ ਹੈ। ਪਰ ਸਰਕਾਰਾਂ ਅਜੇ ਤਕ ਇਸ ਮੁੱਦੇ ਪ੍ਰਤੀ ਅਵੇਸਲੀਆਂ ਹਨ।

ਇਸ ਮੁੱਦੇ ਪ੍ਰਤੀ ਵੱਖ-ਵੱਖ ਵਿਚਾਰਕਾਂ ਦੀਆਂ ਵਿਚਾਰਾਂ/ਰਿਪੋਰਟਾਂ ਸਾਨੂੰ ਸਾਡੇ ਸੁਵੱਲੇ, ਉਜਲੇ ਅਤੇ ਸੁਰੱਖਿਅਤ ਭਵਿੱਖ ਪ੍ਰਤੀ ਸੋਚਣ ਲਈ ਮਜਬੂਰ ਕਰਦੀਆਂ ਹਨ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵਲੋਂ ਝੋਨੇ ਦੇ ਖੇਤਾਂ ਨੂੰ ਅੱਗ ਲਗਾਉਣ ਤੇ ਕੀਤੀ ਸਖਤੀ ਪ੍ਰਤੀ ਵਾਦ-ਵਿਵਾਦਾਂ ਵਿਚ ਕਿਸਾਨਾਂ ਦੀ ਮਜਬੂਰੀ ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਕੋਈ ਮਜਬੂਰੀ ਆਮ ਲੋਕਾਂ ਲਈ ਮਾਰੂ ਸਾਬਤ ਹੋਵੇ ਤਾਂ ਕੀ ਉਹ ਮਜ਼ਬੂਰੀ ਜਾਇਜ਼ ਹੈ?

ਇਕ ਰਿਪੋਰਟ ਅਨੁਸਾਰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜ਼ਹਿਰੀਲੀਆਂ ਅਤੇ ਘਾਤਕ ਗੈਸਾਂ ਪੈਦਾ ਹੁੰਦੀਆਂ ਹਨ। ਪੰਜਾਬ ਵਿਚ ਲਗਭਗ



65 ਲੱਖ ਏਕੜ ਜ਼ਮੀਨ ਵਿਚ ਝੋਨੇ ਦੀ ਖੇਤੀ ਹੁੰਦੀ ਹੈ। ਇਕ ਏਕੜ ਖੇਤ 'ਚੋਂ ਇਕ ਅੰਦਾਜ਼ੇ ਅਨੁਸਾਰ ਵਾਈ ਤੋਂ ਤਿੰਨ ਟਨ ਪਰਾਲੀ ਪੈਦਾ ਹੁੰਦੀ ਹੈ। ਇਸ ਤਰ੍ਹਾਂ ਇਕੱਲੇ ਪੰਜਾਬ ਵਿਚ ਲਗਭਗ 17.87 ਕਰੋੜ ਟਨ ਪਰਾਲੀ ਸਾੜ ਦਿੱਤੀ ਜਾਂਦੀ ਹੈ ਜੋ ਸਾਡੇ ਵਾਤਾਵਰਣ ਨੂੰ ਜ਼ਹਿਰੀਲੀਆਂ ਗੈਸਾਂ ਨਾਲ ਭਰ ਦਿੰਦੀ ਹੈ। ਇਨ੍ਹਾਂ ਜ਼ਹਿਰੀਲੀਆਂ ਗੈਸਾਂ ਦਾ ਪ੍ਰਭਾਵ ਸਭ ਤੋਂ ਵੱਧ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ 'ਤੇ ਪੈਂਦਾ ਹੈ। ਵਾਤਾਵਰਣ 'ਚ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਜ਼ਹਿਰੀਲਾ ਧੂੰਆਂ ਜ਼ਹਿਰੀਲੀਆਂ ਅਤੇ ਹਾਨੀਕਾਰਕ ਗੈਸਾਂ ਦੇ ਪ੍ਰਭਾਵ ਨਾਲ ਹੋਣ ਵਾਲੀਆਂ ਬਿਮਾਰੀਆਂ ਸਾਹ, ਦਮਾ, ਬਲੱਡ ਪ੍ਰੈਸ਼ਰ, ਘਬਰਾਹਟ, ਸਿਰ ਦਰਦ, ਦਿਲ ਦੇ ਰੋਗ, ਚਮੜੀ ਦੇ ਰੋਗ, ਅੰਦਰੂਨੀ ਰੋਗਾਂ ਆਦਿ ਦੇ ਸਾਰੇ ਲੋਕ ਸ਼ਿਕਾਰ ਹੁੰਦੇ ਹਨ। ਆਮ ਦਿਨਾਂ 'ਚ ਸਾਡੇ ਸਾਹ ਨਾਲ ਸਰੀਰ ਅੰਦਰ ਜਾਣ ਵਾਲੇ ਮਹੀਨ ਧੂੜ ਕਣਾਂ ਦੀ ਮਾਤਰਾ 60 ਮਿਲੀਗ੍ਰਾਮ ਪ੍ਰਤੀ ਘਣ ਮੀਟਰ ਹੁੰਦੀ ਹੈ ਪਰ ਪਰਾਲੀ ਸਾੜਨ ਦੇ ਦਿਨਾਂ 'ਚ ਇਹ 425 ਮਿਲੀਗ੍ਰਾਮ ਪ੍ਰਤੀ ਘਣ ਮੀਟਰ ਤਕ ਹੋ ਜਾਂਦੀ ਹੈ। ਉਸ ਦੇ ਜੋ ਆਮ ਲੋਕਾਂ ਦੀ ਜ਼ਿੰਦਗੀ 'ਤੇ ਮਾਰੂ ਅਤੇ ਖਤਰਨਾਕ ਪ੍ਰਭਾਵ ਪੈਂਦੇ ਹਨ ਜਾਂ ਬਿਮਾਰੀਆਂ ਲਗਦੀਆਂ ਹਨ, ਕੀ ਕਿਸਾਨਾਂ ਦੇ ਪ੍ਰਵਾਰ ਇਸ ਪ੍ਰਭਾਵ ਹੇਠ ਨਹੀਂ ਆਉਂਦੇ? ਪਰਾਲੀ ਸਾੜਨ ਨਾਲ ਪੈਦਾ ਹੋਏ ਧੂੰਏਂ ਨਾਲ ਅਨੇਕਾਂ ਸੜਕੀ ਹਾਦਸੇ ਵਾਪਰਦੇ ਹਨ ਅਤੇ ਬਹੁਤ ਮਨੁੱਖੀ ਜਾਨਾਂ ਚਲੀਆਂ ਜਾਂਦੀਆਂ ਹਨ, ਕੀ ਇਸ ਪ੍ਰਤੀ ਸਾਡੀ ਜ਼ਿੰਮੇਵਾਰੀ ਨਹੀਂ ਬਣਦੀ? ਇਸ ਤੋਂ ਇਲਾਵਾ ਅਨੇਕਾਂ ਜੀਵ ਜੰਤੂ, ਪਸ਼ੂ ਪੰਛੀ, ਕੀੜੇ ਮਕੌੜੇ, ਕੀਟ ਪਤੰਗੇ, ਫੁੱਲ ਬੂਟੇ, ਦਰੱਖਤ ਆਦਿ ਅੱਗ ਨਾਲ ਸੜ ਜਾਂਦੇ ਹਨ, ਕੀ ਇਹ ਕੁਦਰਤ ਨਾਲ ਸਰਾਸਰ ਅਨਿਆਂ ਨਹੀਂ ਹੈ?

ਪਰਾਲੀ ਦੇ ਧੂੰਏਂ ਨਾਲ ਜੋ ਬਿਮਾਰੀਆਂ ਪੈਦਾ ਹੁੰਦੀਆਂ ਹਨ, ਕੀ ਉਸ ਦਾ ਸ਼ਿਕਾਰ ਕਿਸਾਨ ਦੇ ਪ੍ਰਵਾਰ ਨਹੀਂ ਹੁੰਦੇ? ਉਸ ਬਿਮਾਰੀ ਤੇ ਹੋਣ ਵਾਲਾ ਖਰਚਾ ਵੀ ਕਿਸਾਨ ਲਈ ਹੋਰ ਆਰਥਕ ਮੰਦਹਾਲੀ ਦਾ ਕਾਰਨ ਬਣਦਾ ਹੈ। ਖੇਤੀਬਾੜੀ ਮਾਹਰਾਂ ਮੁਤਾਬਕ ਪਰਾਲੀ ਸਾੜਨ ਨਾਲ ਲਗਭਗ 32 ਕਿਲੋ ਯੂਰੀਆ, 5.5 ਕਿਲੋ ਡੀ ਪੀ ਏ, 51 ਕਿਲੋ ਪੋਟਾਸ਼ ਸੜ ਜਾਂਦੀ ਹੈ, ਸਾਡੀ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਘਟਾ ਦਿੰਦੀ ਹੈ ਤੇ ਇਸਦੀ ਪੂਰਤੀ ਲਈ ਲੋੜ ਤੋਂ ਵੱਧ ਖਾਦਾਂ ਦੀ ਵਰਤੋਂ ਕਰਨੀ ਕਿਸਾਨੀ ਆਰਥਕਤਾ ਨੂੰ ਢਾਹ ਹੈ।

ਦੂਜਾ, ਮਨੁੱਖ ਨੇ ਵਿਕਾਸ ਦੇ ਨਾਂ 'ਤੇ ਨਿਰਦਈ ਬਿਰਤੀ ਨਾਲ ਦਰੱਖਤਾਂ ਉੱਤੇ ਕੁਹਾੜਾ ਚਲਾ ਕੇ ਕੁਦਰਤ ਪ੍ਰਤੀ ਬਿਗਾਨੇਪਨ ਦਾ ਅਹਿਸਾਸ ਕਰਵਾਇਆ ਹੈ। ਇਸ ਕਿਰਿਆ ਲਈ ਪੰਜਾਬ ਦੇਸ਼ ਦਾ ਦੂਜਾ ਸੂਬਾ ਹੈ, ਜਿੱਥੇ ਦਰੱਖਤਾਂ ਦੀ ਸਭ ਤੋਂ ਵੱਧ ਕਟਾਈ ਹੋਈ ਹੈ। ਵਾਤਾਵਰਣ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ 'ਚੋਂ ਅਕਤੂਬਰ 1980 ਤੋਂ ਫਰਵਰੀ 2018 ਤੱਕ 1.72 ਲੱਖ ਏਕੜ ਜ਼ਮੀਨ ਤੋਂ ਹਰਿਆਲੀ ਦਾ ਸਫਾਇਆ ਹੋ ਗਿਆ ਹੈ। ਪੰਜਾਬ ਨੇ ਇਕ ਅੰਦਾਜ਼ੇ ਅਨੁਸਾਰ ਪਿਛਲੇ 37 ਵਰ੍ਹਿਆਂ 'ਚ ਪੰਜਾਬ ਨੇ ਵਿਕਾਸ ਦੀ ਆੜ ਵਿਚ 5.12 ਕਰੋੜ ਦਰੱਖਤਾਂ ਦੀ ਬਲੀ ਦਿੱਤੀ ਹੈ। ਬੀਤੇ ਵਰ੍ਹੇ ਵੀ ਸਰਕਾਰ ਨੇ 1415 ਏਕੜ ਜ਼ਮੀਨ 'ਚੋਂ ਹਰਿਆਲੀ ਸਾਫ ਕਰ ਕੇ 4 ਲੱਖ ਤੋਂ ਵੱਧ ਦਰੱਖਤ ਆਰੇ ਦੀ ਭੇਂਟ ਚੜ੍ਹੇ ਹਨ। ਕੇਂਦਰੀ ਵਾਤਾਵਰਣ ਤੇ ਜੰਗਲਾਤ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ 'ਚ ਜੰਗਲਾਂ ਹੇਠੋਂ ਰਕਬਾ ਦਿਨ ਪ੍ਰਤੀ ਦਿਨ ਘੱਟ ਰਿਹਾ ਹੈ ਜੋ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਕੱਲੇ ਜਨਵਰੀ 2015 ਤੋਂ ਹੀ ਅੰਕੜਿਆਂ ਨੂੰ ਵਾਚੀਏ ਤਾਂ ਪਤਾ ਚਲਦਾ ਹੈ ਕਿ ਪੰਜਾਬੀਆਂ ਨੇ ਹੁਣ ਤੱਕ ਕਰੀਬ 50 ਲੱਖ ਰੁੱਖਾਂ ਤੋਂ ਧਰਤੀ ਨੂੰ ਵਿਹੂਣੀ ਕਰ ਕੇ 2280 ਏਕੜ ਜ਼ਮੀਨ ਨੂੰ ਜੰਗਲ ਮੁਕਤ ਕਰ ਦਿੱਤਾ ਹੈ। ਸੜਕਾਂ ਨੂੰ ਚੌੜੀਆਂ ਕਰਨ ਲਈ ਵੀ ਬੇਸ਼ੁਮਾਰ ਦਰੱਖਤ ਕੱਟ ਕੇ ਮਨੁੱਖ ਨੇ ਕੁਦਰਤੀ ਸੁੰਦਰਤਾ ਨੂੰ ਢਾਹ ਲਾਈ ਹੈ। ਬਠਿੰਡਾ-ਅੰਮ੍ਰਿਤਸਰ ਸੜਕ ਨੇ ਅਪਣੇ ਫੈਲਾਅ ਲਈ 30 ਹਜ਼ਾਰ, ਜਲੰਧਰ-ਦਿੱਲੀ ਸੜਕ ਨੇ 1.10 ਲੱਖ ਦਰੱਖਤਾਂ ਦੀ ਬਲੀ ਲਈ ਹੈ। ਇਸੇ ਤਰ੍ਹਾਂ ਲੁਧਿਆਣਾ-ਫਿਰੋਜ਼ਪੁਰ ਨੇ 500 ਏਕੜ ਅਤੇ ਬਠਿੰਡਾ ਜ਼ੀਰਕਪੁਰ ਸੜਕ ਨੇ 281 ਹੈਕਟਰ ਜ਼ਮੀਨ ਦਰੱਖਤਾਂ ਹੇਠੋਂ ਖੋਹੀ ਹੈ। ਮਨੁੱਖ ਕੁਦਰਤੀ ਆਬੋ ਹਵਾ ਤੋਂ ਵਿਰਵਾ ਹੋ ਰਿਹਾ ਹੈ।

ਇਕ ਪਾਸੇ ਅਸੀਂ ਫੈਕਟਰੀਆਂ, ਥਰਮਲ ਪਲਾਂਟਾਂ, ਇੱਟਾਂ ਦੇ ਭੱਠਿਆਂ, ਗੱਡੀਆਂ ਅਤੇ ਪਰਾਲੀ ਸਾੜਨ ਆਦਿ ਦੇ ਧੂੰਏਂ ਨਾਲ ਜ਼ਹਿਰੀਲੀਆਂ ਤੇ ਹਾਨੀਕਾਰਕ ਗੈਸਾਂ ਵਾਤਾਵਰਣ ਵਿਚ ਛੱਡ ਕੇ ਇਸ ਨੂੰ ਪਲੀਤ ਕਰ ਰਹੇ ਹਾਂ। ਵਿਕਾਸ ਦੀ ਆੜ ਵਿਚ ਪੰਜਾਬ ਦੀ ਧਰਤੀ ਤੋਂ ਦਰੱਖਤਾਂ ਦਾ ਕਤਲ ਕਰ ਕੇ ਹਰਿਆਲੀ ਨੂੰ ਖਤਮ ਕਰਨ 'ਚ ਕੋਈ ਕਸਰ ਨਹੀਂ ਛੱਡ ਰਹੇ। ਪਲੀਤ ਹੋਏ ਵਾਤਾਵਰਣ ਨੂੰ ਸਾਫ ਕਰਨ ਲਈ ਰੁੱਖਾਂ ਦਾ ਬਹੁਤ ਵੱਡਾ ਯੋਗਦਾਨ ਹੈ। ਜਿਉਂਦੇ ਰਹਿਣ ਲਈ ਮਨੁੱਖ ਨੂੰ ਆਕਸੀਜਨ ਦੀ ਲੋੜ ਹੈ, ਜਿਸ ਦਾ ਸਾਧਨ ਸਿਰਫ ਤੇ ਸਿਰਫ ਦਰੱਖਤ ਹਨ। ਸੋ ਧਰਤੀ ਤੋਂ ਰੁੱਖ ਖਤਮ ਕਰ ਕੇ ਅਸੀਂ ਅਪਣੇ ਆਪ ਨੂੰ ਖਤਮ ਕਰਨ ਵੱਲ ਧਕੇਲ ਰਹੇ ਹਾਂ। ਸ਼ਾਇਦ ਉਹ ਦਿਨ ਦੂਰ ਨਹੀਂ ਜਦੋਂ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਵਾਂਗ ਆਕਸੀਜਨ ਦੇ ਸਿਲੰਡਰ ਨਾਲ ਰੱਖਣੇ ਪਿਆ ਕਰਨਗੇ ਅਤੇ ਅਸੀਂ ਅਪਣੀ ਗਲਤੀ ਤੇ ਮੂਰਖਤਾ ਉੱਤੇ ਪਛਤਾਵਾ ਕਰਿਆ ਕਰਾਂਗੇ। ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਪਾਣੀ ਪੀ ਪੀ ਕੋਸਿਆ ਕਰਨਗੀਆਂ ਜਦਕਿ ਉਦੋਂ ਕੋਈ ਹੱਲ ਵੀ ਨਜ਼ਰ ਨਹੀਂ ਆਵੇਗਾ। ਕੁਦਰਤ ਦੀ ਦੇਣ ਰੁੱਖਾਂ ਨੂੰ ਖਤਮ ਕਰਨ ਦੇ ਰਾਹ ਪੈ ਗਏ ਹਾਂ। ਮੌਕੇ ਦੀਆਂ ਸਰਕਾਰਾਂ ਨੂੰ ਵੋਟ ਬੈਂਕ ਤੋਂ ਉਪਰ ਉਠ ਕੇ ਮਨੁੱਖ ਦੀ ਭਲਾਈ ਪ੍ਰਤੀ ਸੁਹਿਰਦ ਹੁੰਦਿਆਂ ਨੇਕ-ਨੀਅਤੀ ਨਾਲ ਪਰਾਲੀ ਨੂੰ ਸਾੜਨ ਤੋਂ ਬਚਾਉਣ ਲਈ ਪ੍ਰਬੰਧਾਂ ਹਿੱਤ ਅਗੇਤੇ ਯਤਨ ਕਰਨੇ ਚਾਹੀਦੇ ਹਨ। ਪਰਾਲੀ ਦੇ ਖਾਤਮੇ ਲਈ ਲੋੜੀਂਦੀ ਮਸ਼ੀਨਰੀ ਖਰੀਦਣ ਲਈ ਮਹਿਕਮਿਆਂ ਨੂੰ ਅਗਾਊਂ ਪ੍ਰਬੰਧ ਕਰਨੇ ਚਾਹੀਦੇ ਹਨ। ਪੰਜਾਬ ਸਰਕਾਰ ਨੂੰ ਬਜਟ ਵਿਚ ਹੀ ਇਸ ਕੰਮ ਲਈ ਫੰਡ ਰਾਖਵੇਂ ਰਖਣੇ ਚਾਹੀਦੇ ਹਨ ਨਹੀਂ ਤਾਂ ਫਿਰ ਐਨ. ਜੀ. ਟੀ. ਦੇ ਰੁੱਖੇ ਅਤੇ ਸਖਤਾਈ ਭਰੇ ਰੁਖ ਦਾ ਸਾਹਮਣਾ ਕਰਨਾ ਪਵੇਗਾ। ਕਿਸਾਨਾਂ ਨੂੰ ਜੁਰਮਾਨਾ ਕਰਨਾ ਜਾਂ ਕੇਸ ਦਰਜ ਕਰਨਾ ਇਸ ਮਸਲੇ ਦਾ ਠੋਸ ਹੱਲ ਨਹੀਂ ਹੈ ਜਦਕਿ ਲੋੜ ਪਰਾਲੀ ਦੇ ਠੋਸ ਪ੍ਰਬੰਧਨ ਦੀ ਹੈ।

ਸੋ ਸਾਨੂੰ ਵੀ ਸਾਰਿਆਂ ਨੂੰ ਆਰਥਿਕ ਮੰਦਹਾਲੀ ਦੀ ਸੋਚ ਤੋਂ ਉਪਰ ਉਠ ਕੇ ਪੂਰੀ ਮਾਨਵਤਾ ਦੇ ਭਲੇ ਲਈ ਇਸ ਤੋਂ ਬਚਾਅ ਲਈ ਰਲ ਕੇ ਹੰਭਲਾ ਮਾਰਨ ਅਤੇ ਲੋਕ ਲਹਿਰ ਬਣਾਉਣ ਦੀ ਲੋੜ ਹੈ। ਕਿਸਾਨਾਂ ਲਈ ਵੀ ਖੇਤਾਂ ਵਿਚ ਪ੍ਰਤੀ ਏਕੜ ਪੰਜ ਬੂਟੇ ਖੇਤ 'ਚ ਲਾਉਣਾ ਜ਼ਰੂਰੀ ਕਰ ਦੇਣਾ ਚਾਹੀਦਾ ਹੈ। ਸ਼ਹਿਰੀ ਘਰਾਂ ਦੇ ਨਕਸ਼ਿਆਂ 'ਚ ਹਰ ਘਰ ਰੁੱਖ ਲਗਾਉਣਾ ਕਰ ਦੇਣਾ ਚਾਹੀਦਾ ਹੈ। ਪਿੰਡਾਂ ਵਿੱਚ ਵੀ ਸਰਕਾਰੀ ਸਹੂਲਤਾਂ ਲੈਣ ਵਾਲੇ ਲਾਭਪਾਤਰੀਆਂ ਲਈ ਘਰ 'ਚ ਇਕ ਬੂਟਾ ਲਾਉਣ ਦੀ ਸ਼ਰਤ ਲਗਾ ਦੇਣੀ ਚਾਹੀਦੀ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਪ੍ਰਦੂਸ਼ਣ ਮੁਕਤ ਵਾਤਾਵਰਣ ਸਿਰਜਣ ਲਈ ਅਤੇ ਧਰਤੀ ਦੀ ਹਰਿਆਵਲ ਬਰਕਰਾਰ ਰੱਖਣ ਲਈ ਸਮਾਜਕ, ਧਾਰਮਕ, ਸਿਆਸੀ ਸੰਸਥਾਵਾਂ, ਨੌਜਵਾਨ ਕਲੱਬਾਂ, ਸਹਿਤਕ ਤੇ ਵਿਦਿਅਕ ਅਦਾਰਿਆਂ ਦੀ ਸਹਾਇਤਾ ਨਾਲ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

**ਇੰਜੀ. ਸਤਨਾਮ ਸਿੰਘ ਮੱਟੂ,**
**ਬੀਂਬੜ, ਸੰਗਰੂਰ**

## ਦੀਵਾਲੀ ਦੌਰਾਨ ਸੂਰਤ ਵਿੱਚ ਹਰ ਰੋਜ਼ ਵਿਕੇ 1 ਲੱਖ ਕਿਲੋ ਫੁੱਲ

# 150 ਤੋਂ 180 ਰੁਪਏ ਕਿਲੋ ਵਿਕੇ ਗੇਂਦੇ ਦੇ ਫੁੱਲ

ਦੀਵਾਲੀ ਦੇ ਤਿਉਹਾਰ 'ਤੇ ਗੁਜਰਾਤ ਦੇ ਸੂਰਤ ਵਿੱਚ ਫੁੱਲਾਂ ਦਾ ਕਾਰੋਬਾਰ ਸਿਖਰ 'ਤੇ ਰਿਹਾ। ਜਾਣਕਾਰੀ ਮੁਤਾਬਕ ਇਸ ਵਾਰ ਦੀਵਾਲੀ 'ਤੇ ਸੂਰਤ ਦੇ ਫੁੱਲ ਬਾਜ਼ਾਰ ਵਿੱਚ ਰੋਜ਼ਾਨਾ ਕਰੀਬ 1 ਲੱਖ ਕਿਲੋ ਫੁੱਲਾਂ ਦੀ ਵਿਕਰੀ ਹੋਈ ਹੈ। ਰਿਪੋਰਟ ਮੁਤਾਬਕ ਗਣੇਸ਼ ਮਹੋਤਸਵ ਸ਼ੁਰੂ ਹੁੰਦੇ ਹੀ ਸ਼ਹਿਰ ਦੇ ਫੁੱਲ ਬਾਜ਼ਾਰਾਂ ਵਿੱਚ ਤੇਜ਼ੀ ਆ ਜਾਂਦੀ ਹੈ। ਇਸ ਤੋਂ ਬਾਅਦ ਨਵਰਾਤਰੀ ਅਤੇ ਫਿਰ ਦੀਵਾਲੀ 'ਤੇ ਫੁੱਲਾਂ ਦੀ ਮੰਗ ਵਧਦੀ ਰਹਿੰਦੀ ਹੈ।

ਤਿਉਹਾਰਾਂ ਦੇ ਸਮੇਂ ਫੁੱਲਾਂ ਦਾ ਵਪਾਰ ਵੀ ਚੰਗਾ ਹੁੰਦਾ ਹੈ। ਭਾਗਲ, ਡਬਗਰਵਾੜ, ਸਿਨੇਮਾ ਰੋਡ, ਝਾਂਪਾ ਬਾਜ਼ਾਰ, ਕੋਟਸਫਿਲ ਰੋਡ, ਘੁੜਦੌੜ ਰੋਡ, ਪਾਰਲੇ ਪੁਆਇੰਟ, ਸਿਟੀ ਲਾਈਟ, ਵੇਸੂ, ਵੀ. ਆਈ. ਪੀ. ਰੋਡ, ਉਧਨਾ, ਪਰਵਤ ਪਾਟੀਆ, ਪਾਂਡੇਸਰਾ, ਉਧਨਾ, ਭੇਸਤਾਨ, ਵਰਾਛਾ, ਕਤਾਰਗਾਮ, ਅਡਾਜਨ ਅਤੇ ਰਾਂਦੇਰ ਦੀਆਂ ਮੁੱਖ ਸੜਕਾਂ 'ਤੇ ਫੁੱਲਾਂ ਦੇ ਸਟਾਲ ਸਜਾਏ ਗਏ ਸਨ। ਇਨ੍ਹਾਂ ਸਟਾਲਾਂ 'ਤੇ ਮੁੱਖ ਤੌਰ 'ਤੇ ਗੇਂਦੇ ਦੇ ਫੁੱਲਾਂ ਦਾ ਕਾਰੋਬਾਰ ਹੁੰਦਾ ਹੈ। ਆਮ ਦਿਨਾਂ ਵਿੱਚ ਇਹ ਫੁੱਲ 50 ਤੋਂ 80 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਮਿਲਦੇ ਹਨ, ਪਰ ਨਵਰਾਤਰੀ ਤੋਂ ਬਾਅਦ ਦੀਵਾਲੀ 'ਤੇ ਇਹ 150 ਤੋਂ 180 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚੇ ਗਏ ਹਨ। ਨਾਲ ਹੀ ਇਨ੍ਹਾਂ ਸਟਾਲਾਂ 'ਤੇ 50 ਰੁਪਏ ਤੋਂ ਲੈ ਕੇ 1000 ਰੁਪਏ ਤੱਕ ਦੇ ਵੱਡੇ ਹਾਰ ਵਿਕੇ ਹਨ। ਰਿਪੋਰਟ ਮੁਤਾਬਕ ਆਮ ਦਿਨਾਂ ਵਿੱਚ ਹਰ ਰੋਜ਼ ਕਰੀਬ 30 ਹਜ਼ਾਰ ਕਿਲੋ ਫੁੱਲਾਂ ਦੀ ਵਿਕਰੀ ਹੁੰਦੀ ਹੈ। ਇਸ ਤਰ੍ਹਾਂ ਆਮ ਦਿਨਾਂ ਦੇ ਮੁਕਾਬਲੇ ਦੀਵਾਲੀ 'ਤੇ 70 ਹਜ਼ਾਰ ਕਿਲੋ ਵੱਧ ਫੁੱਲਾਂ ਦੀ ਵਿਕਰੀ ਹੋਈ। ਗੇਂਦਾ, ਪਾਰਸ, ਸੇਵੰਤੀ ਅਤੇ ਗੁਲਾਬ ਦੇ ਫੁੱਲਾਂ ਦੀ ਮੰਗ ਰਹੀ। ਸਭ ਤੋਂ ਜ਼ਿਆਦਾ ਗੇਂਦੇ ਦੇ ਫੁੱਲ ਵਿਕੇ ਹਨ।



ਗੇਂਦਾ ਭਾਰਤੀ ਫੁੱਲਾਂ ਵਿੱਚ ਬਹੁਤ ਮਸ਼ਹੂਰ ਹੈ। ਇਸ ਨੂੰ ਸਾਰਾ ਸਾਲ ਉਗਾਇਆ ਜਾਂਦਾ ਹੈ। ਮੱਧ ਪ੍ਰਦੇਸ਼ ਗੇਂਦੇ ਦੇ ਫੁੱਲਾਂ ਦੇ ਉਤਪਾਦਨ ਵਿੱਚ ਪਹਿਲੇ ਨੰਬਰ 'ਤੇ ਹੈ। ਇੱਥੋਂ ਦੀ ਮਿੱਟੀ ਅਤੇ ਜਲਵਾਯੂ ਇਸ ਲਈ ਬਿਹਤਰ ਮੰਨਿਆ ਜਾਂਦਾ ਹੈ। ਦੇਸ਼ ਦੇ ਕੁੱਲ ਉਤਪਾਦਨ ਵਿੱਚ ਮੱਧ ਪ੍ਰਦੇਸ਼ ਦੀ 29.08 ਫੀਸਦੀ ਦੀ ਹਿੱਸੇਦਾਰੀ ਹੈ। ਕਰਨਾਟਕ ਦੇ ਕਿਸਾਨ ਇਸ ਦੀ ਵੱਡੇ ਪੱਧਰ 'ਤੇ ਖੇਤੀ ਕਰਦੇ ਹਨ। ਇਸ ਕਾਰਨ ਕਰਨਾਟਕ ਉਤਪਾਦਨ ਦੇ ਮਾਮਲੇ ਵਿੱਚ ਦੂਜੇ ਸਥਾਨ 'ਤੇ ਹੈ। ਕਰਨਾਟਕ ਦੀ ਹਿੱਸੇਦਾਰੀ 16.02 ਫੀਸਦੀ ਹੈ। ਗੇਂਦੇ ਦੇ ਉਤਪਾਦਨ ਦੇ ਮਾਮਲੇ ਵਿੱਚ ਭਾਰਤ ਦੇ ਚੋਟੀ ਦੇ 3 ਸੂਬਿਆਂ ਵਿੱਚ ਤੀਜੇ ਨੰਬਰ 'ਤੇ ਗੁਜਰਾਤ ਦਾ ਹੈ। ਇੱਥੋਂ ਗੇਂਦੇ ਦੇ ਫੁੱਲਾਂ ਦਾ 11 ਫੀਸਦੀ ਉਤਪਾਦਨ ਹੁੰਦਾ ਹੈ।






# ਕਿਸਾਨ ਦੀ ਮੌਜੂਦਾ ਦਿਸ਼ਾ ਤੇ ਦਸ਼ਾ ਸਮੇਂ ਖੇਤੀ ਪ੍ਰਸਾਰਕ ਮੁਲਾਜ਼ਮ ਕਿੱਥੇ ਕੁ ਹੋ ਵਿਚਰਿਆ?

ਦੋਸਤੋ ਬਤੌਰ ਖੇਤੀ ਪ੍ਰਸਾਰਕ ਇਸ ਖੇਤੀਬਾੜੀ ਖੇਤਰ ਵਿਚ ਡਿਊਟੀ ਤੇ ਹੁੰਦਿਆਂ ਹੋਇਆਂ ਕੰਮ ਕਰਦਿਆਂ ਪਹਿਲੀ ਵਾਰ ਦਿਲ ਅੰਦਰੋਂ ਡਿਊਟੀ ਦੌਰਾਨ ਜ਼ਿਆਦਾ ਉਦਾਸ ਹੋ ਕੇ ਮਨ ਝੰਜੋੜਦਿਆਂ ਬੁਜ਼ਦਿਲ ਜਿਹਾ ਬਣਿਆ ਦੇਖ ਮਹਿਸੂਸ ਹੋਇਆ ਤੇ ਚੱਲ ਰਹੀਆਂ ਪ੍ਰਸਥਿਤੀਆਂ ਤੋਂ ਲੁਕਣ ਨੂੰ ਜੀਅ ਕਰ ਰਿਹਾ ਸੀ । ਇਸ ਲੇਖ ਨੂੰ ਲਿਖਣ ਦੀ ਲੋੜ ਵੀ ਤਦ ਪਈ ਕਿ ਅਜਿਹਾ ਪਹਿਲੀ ਵਾਰ ਸਮਾਂ ਦੇਖਿਆ ਕਿ ਮੁਲਜ਼ਮਾਂ ਨੂੰ, ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੇ ਸੁਪਰੀਮ ਕੋਰਟ ਤੇ ਮੰਡੀਕਰਨ ਹਾਲਾਤ ਅਤੇ ਕਿਸਾਨ ਸੰਘਰਸ਼ ਇੱਕੋ ਸਮੇਂ ਇਕੱਠੇ ਚੱਲਦੇ ਦਿੱਸੇ । ਸਮਾਜਿਕ ਸਥਿਤੀ ਅਜਿਹੀ ਬਣ ਗਈ ਕਿ ਜਿਨ੍ਹਾਂ ਮੁਲਾਜ਼ਮਾਂ ਨੇ ਕਿਸਾਨਾਂ ਨੂੰ ਪਿੰਡਾਂ ਵਿਚ ਜਾ ਕੇ ਮਿਲਣ ਦਾ ਵਿਚਾਰ ਕਰਨਾ ਸੀ, ਉਹ ਤਾਂ ਪਹਿਲਾਂ ਹੀ ਸੜਕਾਂ ਤੇ ਬੈਠੇ ਹੋਏ ਸਨ ਉਹ ਵੀ ਆਪਣੇ ਹੱਕ ਲੈਣ ਲਈ, ਅਜਿਹੇ ਇਹ ਸੋਚ ਸੀ ਕਿ ਕਿਸ ਤਰ੍ਹਾਂ ਉਹਨਾਂ ਨਾਲ ਆਪਣੇ ਵਿਚਾਰ ਸਾਂਝੇ ਸਰਕਾਰੀ ਸੰਦੇਸ਼ ਤੇ ਬੇਨਤੀਆਂ ਨਾਲ ਕਰਾਂਗੇ, ਉਹਨਾਂ ਦੀ ਸੁਣੀਏ ਜਾਂ ਉਹਨਾਂ ਨੂੰ ਸੁਣਾਈਏ ਬੱਸ ਏਸ ਸੋਚ ਨੂੰ ਸੋਚ ਕੇ ਤੇ ਮਨ ਹੋਰ ਉਦਾਸ ਸੀ ।

ਉੱਥੇ ਟੈਲੀਵਿਜ਼ਨ ਤੇ ਮੀਡੀਆ ਵਿਚ ਖੱਚਾਖੱਚ ਸਿਆਸੀ ਪਾਰਟੀਆਂ ਦੇ ਬੁਲਾਰੇ ਇਕ ਦੂਜੇ ਨੂੰ ਕੱਟਣ ਦੀ ਕਾਹਲੀ ਕਰਨ ਦੀ ਹੋੜ ਵਿਚ ਆਪੋ ਆਪਣੇ ਦਾਅਵੇ ਦੂਜੇ ਪਾਰਟੀ ਤੇ ਫਸਲ ਨੂੰ ਨਾ ਚੁੱਕਣ, ਗੋਦਾਮਾਂ ਵਿਚ ਖਾਲੀ ਨਾ ਹੋਣ ਬਾਰੇ, ਟੁੱਟੇ ਦਾਣੇ ਹੋਣ, ਹਾਈਬ੍ਰਿਡ ਝੋਨੇ ਬਾਰੇ, ਨਵੀਆਂ ਕਿਸਮਾਂ ਤੇ ਸਵਾਲ ਖੜ੍ਹੇ ਕਰ, ਪਰ ਬਾਸਮਤੀ ਦੇ ਟੁੱਟੇ ਰੇਟ ਬਾਰੇ ਕੋਈ ਵੀ ਨਹੀਂ, ਪਰ ਲੰਘੇ ਸਮੇਂ ਪਿਛਲੇ ਢਾਈ ਤਿੰਨ ਸਾਲਾਂ ਦੌਰਾਨ ਏਸ ਸਰਕਾਰ ਵਿਚ ਵੀ ਫਸਲ ਰੁੱਲਦੀ ਨਹੀਂ ਦੇਖੀ, ਏਸ ਬਾਰੇ ਕਿਸੇ ਨੇ ਜ਼ਿਕਰ ਨਾ ਕੀਤਾ । ਅੱਜ ਮੰਡੀ ਤੇ ਸਮਾਜ ਵਿਚ ਬੇਚੈਨੀ ਵਾਲੇ ਹਾਲਾਤ ਸਨ, ਪਰ ਅਜਿਹਾ ਕਿਉਂ ਹੋਇਆ ਕਿ ਕੇਂਦਰ ਵਿਚ ਸਰਕਾਰ ਦੁਬਾਰਾ ਬਣ ਜਾਂਦੀ ਹੈ ਤੇ ਪੰਜਾਬ ਦੀਆਂ ਇਸ ਸਰਕਾਰ ਨੂੰ ਕੁੱਝ ਆਪਣੀ ਮਰਜ਼ੀ ਦੇ ਕੰਮ ਕਰਨ ਲਈ ਕੋਰਟਾਂ ਤੱਕ ਜਾਣ ਤੱਕ ਵੀ ਸੁਣਨ ਨੂੰ ਆਇਆ । ਉਥੇ ਦੂਜੇ ਮੁੱਦੇ ਪਰਾਲੀ ਪ੍ਰਬੰਧ ਨੂੰ ਲੈ ਕੇ ਜਿੱਥੇ ਕੋਰਟਾਂ ਦੇ ਨਿਰਦੇਸ਼ ਸਰਗਰਮ ਨਜ਼ਰ ਆਏ, ਹਾਲਾਂਕਿ ਐਸ. ਐਮ. ਐਸ ਅੱਗ ਦੀ ਮੇਲ ਜੜ੍ਹ ਹੈ, ਉਸ ਨੂੰ ਲਗਾਉਣ ਬਾਰੇ ਕੰਬਾਈਨ ਤੇ ਵੀ ਲਾਜ਼ਮੀ ਨਾ ਸਮਝੇ ਗਏ । ਜ਼ਿਆਦਾ ਲੋਕਤੰਤਰ ਦਾ ਧਿਆਨ ਵੋਟਤੰਤਰ ਵੱਲ ਹੀ ਬਣਦਾ ਦਿੱਸਿਆ ।

ਸਰਕਾਰ ਦੀ ਪਰਾਲੀ ਪ੍ਰਬੰਧ ਤੇ ਤਿੱਖੀ ਕਾਰਵਾਈ ਦੇ ਚਲਦਿਆਂ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਵੱਡੇ ਤੇ ਛੋਟੇ ਪ੍ਰਸਾਰ ਮਾਹਿਰਾਂ ਨੂੰ ਕਿਸਾਨਾਂ ਤੇ ਅੱਗ ਦੀ ਕਾਰਵਾਈ ਕਰਨ ਤੇ ਸਖਤ ਰੁਖ ਨਾ ਅਪਨਾਉਣ ਕਰਕੇ ਕਾਰਨ ਦੱਸੋ ਨੋਟਿਸ ਤੱਕ ਜਾਰੀ ਹੋਏ । ਕੁੱਝ ਵੱਡੇ ਪ੍ਰਸਾਰ ਮਾਹਿਰਾਂ ਨੂੰ ਸੱਸਪੈਂਡ ਤੱਕ ਵੀ ਕੀਤਾ ਗਿਆ । ਜਿਨ੍ਹਾਂ ਦੀ ਸੋਚ ਸੀ ਕਿ ਜੇਕਰ ਕਿਸੇ ਕਿਸਾਨ ਦਾ ਮੰਡੀਕਰਨ ਵਿਚ ਭਲਾ ਨਹੀਂ ਕਰ ਸਕੇ, ਤਾਂ ਉਹਨਾਂ ਦਾ ਹੋਰ ਪਾਸਿਓਂ ਵੀ ਨੁਕਸਾਨ ਕਰਨ ਦਾ ਠੇਕਾ ਨਾ ਚੁੱਕੀਏ । ਜਦਕਿ ਪਰਾਲੀ ਨੂੰ ਸਾੜਨਾ ਹੀ ਮਾੜਾ ਹੈ, ਜੋ ਕੁੱਲ ਕਾਇਨਾਤ ਨੂੰ ਦੂਸ਼ਿਤ ਕਰਕੇ ਬਿਮਾਰ ਕਰਨ ਵੱਲ ਜਾਂਦੀ ਹੈ । ਏਸਦੀ ਵੀ ਕੋਈ ਸਮਝਦਾਰ ਬੰਦਾ ਸ਼ਲਾਘਾ ਨਹੀਂ ਕਰ ਸਕਦਾ ਕਿ ਅੱਗ ਲਗਾਓ ਏ ਚੰਗੀ ਹੈ । ਦੂਜਾ ਪਾਸਾ ਦੇਖੀਏ ਤਾਂ ਗੁੱਸਾ ਕਿਸਾਨਾਂ ਦਾ ਵੀ ਜਾਇਜ਼ ਹੈ ਪਰ ਵਾਤਾਵਰਣ ਸਾਫ ਰੱਖਣਾ ਵੀ ਆਪਣੇ ਸਾਹਾਂ ਲਈ ਅਹਿਮ ਹੈ, ਇਸ ਨੂੰ ਵੀ ਅਸੀਂ ਦਰਕਿਨਾਰ ਨਹੀਂ ਕਰ ਸਕਦੇ । ਕਿਉਂਕਿ ਪ੍ਰਸ਼ਾਸਨ ਦੀ ਨੋਡਲ ਡਿਊਟੀ ਹੋਰ ਪੰਦਰਾਂ ਦਿਨਾਂ ਬਾਅਦ ਖਤਮ ਹੋ ਜਾਣੀ ਹੈ । ਆਪਾਂ ਫਿਰ ਉਹਨਾਂ ਕਿਸਾਨਾਂ ਵਿਚ ਹੀ ਰਹਿਣਾ ਹੈ, ਜਿਹਨਾਂ ਨਾਲ ਲਗਾਤਾਰ ਕੈਂਪਾਂ, ਕੰਪੈਨਾਂ, ਖੇਤ ਵਿਜ਼ਿਟ ਪ੍ਰੋਗਰਾਮਾਂ ਦੁਆਰਾ ਚੰਗਾ ਭਾਈਚਾਰਕ ਤਾਲਮੇਲ ਬਣਾਇਆ ਸੀ ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਜਿਸ ਦਾ ਖਮਿਆਜਾ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਕਿਸਾਨ ਤੇ ਸਖਤ ਕਾਰਵਾਈ ਨਾ ਕਰਕੇ ਉਲਟਾ ਬੇਇੱਜ਼ਤ ਕਰ ਕੇ ਲਾਪਰਵਾਹੀ ਜਾਰੀ ਹੋਣ ਦੇ ਨੋਟਿਸ ਨਾਲ ਮੁਲਾਜ਼ਮ ਨੂੰ ਭੁਗਤਨਾ ਪਿਆ । ਦਿਮਾਗੀ ਸੰਤੁਲਨ ਏਸ ਸਮੇਂ ਵਿੱਚ ਆਪਣੇ ਆਪ ਨੂੰ ਬਚਾ ਕੇ ਤੇ ਲੁੱਕ ਲੁਕਾ ਕੇ ਅਤੇ ਕੰਮ ਵੀ ਕਰਨ ਦੇ ਲੋਕ ਦਿਖਾਵੇ ਨਾਲ ਬਿਨਾਂ ਕਿਸੇ ਦਾ ਨੁਕਸਾਨ ਕੀਤਿਆਂ ਤੇ ਨਾਲ ਆਪਣਾ ਨੁਕਸਾਨ ਵੀ ਕਰਵਾਉਣ ਤੋਂ ਬਚਾ ਕੇ ਲੰਘਾਉਣਾ ਹਾਲ ਦੀ ਘੜੀ ਵਿਚ ਬੇਹੱਦ ਔਖਾ ਸਮਾਂ ਹੈ ।

ਜੇਕਰ ਪਿੰਡਾਂ ਵਿਚ ਜਾਂਦੇ ਤਾਂ ਕੁੱਝ ਕਿਸਾਨ ਰਸਤੇ ਵਿੱਚ ਮਿਲਦੇ ਜੋ ਕੁੱਝ ਸਾਨੂੰ ਪੁੱਛਦੇ ਤੇ ਕੁੱਝ ਆਪ ਦੱਸਦੇ ਕਿ ਮੰਡੀਓਂ ਆ ਰਹੇ ਹਾਂ ਚੁਕਾਈਂ ਨਹੀਂ ਹੋ ਰਹੀ । ਏਨੇ ਦਿਨ ਹੋ ਗਏ ਆ ਮੰਡੀ ਵਿਚ ਬੈਠਿਆਂ ਤੇ ਕਾਟ ਜ਼ਿਆਦਾ ਅੱਡ ਲੱਗ ਰਹੀ ਐ, ਸਾਡਾ ਨੁਕਸਾਨ ਜ਼ਿਆਦਾ ਹੋ ਰਿਹਾ । ਕੁਝ ਕਹਿੰਦੇ ਸੁਣੇ ਕਿ ਮੰਡੀ ਚੱਲਾ ਪਾਪੇ ਨੂੰ ਜਾਂ ਭਰਾ ਨੂੰ ਮੰਡੀਓਂ ਘਰ ਭੇਜਣ ਲਈ ਉਹਨ੍ਹਾਂ ਨੂੰ ਉੱਥੇ ਬੈਠਿਆਂ ਜ਼ਿਆਦਾ ਟਾਈਮ ਹੋ ਗਿਆ ਰੋਟੀ ਖਾਣ ਭੇਜਦਾਂ । ਤੀਜਾ ਏ ਕਹਿੰਦੇ ਵੀ ਸੁਣਿਆਂ ਕਿ ਹਨੇਰੀ ਨਾਲ ਵਿਛੀ ਜ਼ਮੀਨ ਤੇ ਫਸਲ ਨੂੰ ਜਿੱਥੇ ਕਟਾਈ ਮਹਿੰਗੀ ਪੈਣੀ । ਉੱਥੇ ਫਸਲ ਦੇ ਦਾਣੇ ਜ਼ਿਆਦਾ ਝੜ ਜਾਣ ਦਾ ਖਦਸ਼ਾ ਵੀ ਜਤਾਇਆ ਗਿਆ । ਉੱਥੇ ਨਾਲ ਇਹ ਵੀ ਦੁਖਦਾਈ ਜ਼ਿਕਰ ਕਰਦਿਆਂ ਪਾਇਆ ਕਿ ਬਾਕੀ ਖੜ੍ਹੀ ਫਸਲ ਮੰਡੀਆਂ ਵਿਚ ਰੁਲਣ ਦੇ ਡਰੋਂ ਬਾਕੀ ਰਹਿੰਦੀ ਨੂੰ ਵੀ ਵਢਾ ਨਹੀਂ ਰਹੇ । ਪਰ ਉੱਥੇ ਵੀ ਸੁੱਕੇ ਦਾਣੇ ਹੇਠਾਂ ਜ਼ਮੀਨ ਤੇ ਡਿੱਗਣੇ ਸ਼ੁਰੂ ਹੋ ਗਏ ਹਨ, ਕਿ ਬੰਦਾ ਹੁਣ ਕਿਹੜੇ ਖੂਹ ਵਿਚ ਪਵੇ । ਸਾਡੀ ਧਰਤੀ ਤੇ ਸਾਡੀ ਹੀ ਫਸਲ ਰੁੱਲ ਰਹੀ ਹੈ, ਸਾਡੀ ਹੀ ਸਟੇਟ ਹੋਵੇ ਤੇ ਸਾਡੀ ਹੀ ਸਰਕਾਰਾਂ ਹੋਣ । ਜਿੱਥੇ ਅਜਿਹੀਆਂ ਸਮਾਜ ਵਿਚ ਦੁੱਖਦਾਈ ਗੱਲਾਂ ਚੱਲਦੀਆਂ ਹੋਵੇ ਤਾਂ ਆਪਾਂ ਆਪਣੇ ਕੰਮ ਦਾ ਰਾਜ ਏਸ ਦੁੱਖ ਦੇ ਸਮੇਂ ਤੇ ਅਲਾਪਣਾ ਬਣਦਾ ਨਾ ਸਮਝਿਆ, ਕਿਉਂਕਿ ਉਹ ਵੀ ਕਿਤੇ ਨਾ ਕਿਤੇ ਸਹੀ ਸਮੇਂ ਤੇ ਹੀ ਕਰਨੀ ਬਣਦੀ ਹੈ, ਅਜਿਹੇ ਸਮੇਂ ਤੇ ਨਹੀਂ । ਮੇਰੇ ਬੱਸ ਭਰੇ ਮਨ ਨਾਲ ਚੁੱਪੀ ਧਾਰ ਕੇ ਬੇਬਸੀ ਦਿਖਾ ਕੇ ਅੱਗੇ ਲੰਘਣਾ ਹੀ ਚੰਗਾ ਸਮਝਿਆ । ਇਹ ਵੀ ਸੋਚ ਸੀ ਕਿ ਭਰਾਵਾ ਮੇਰੇ ਹੱਥ ਵਿਚ ਵੀ ਕੁਝ ਨਹੀਂ ਤੇਰੇ ਨਾਲ ਕੇਵਲ ਦੁੱਖ ਵੰਡਾ ਸਕਦਾਂ, ਜੋ ਹੱਥ ਸੀ ਉਸਦੀ ਮੈਂ ਏਸ ਘੜੀ ਗੱਲ ਨਹੀਂ ਕੀਤੀ ।

ਬਤੌਰ ਖੇਤੀ ਪ੍ਰਸਾਰਕ ਸਮਾਜਕ ਵਿਚ ਚੱਲ ਰਹੇ ਵਰਤਾਰੇ ਜੋ ਕਿਸਾਨ ਦੇ ਹਰ ਪਾਸਿਓਂ ਉਲਟ ਸਨ, ਸੁਣ ਕੇ ਦਿਲ ਵੀ ਘਬਰਾ ਰਿਹਾ ਸੀ ਤੇ ਮਨ ਜ਼ਿਆਦਾ ਦੁਖੀ ਸੀ, ਕਿ ਏਸ ਨਾਲ ਪ੍ਰਸ਼ਾਸਨ ਜਾਂ ਸਰਕਾਰ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਦੇ ਸੰਦੇਸ਼ ਬਾਰੇ ਦੁੱਖੀ ਘੜੀ ਵਿਚ ਗੱਲ ਕਰਾਂ ਕਿ ਨਾ ਕਰਾਂ । ਕੁਝ ਕਿਸਾਨ ਤਾਂ ਰਾਹ ਖੇੜੇ ਮਿਲਦੇ ਜਾਂ ਫੋਨ ਤੇ ਆਪਣੇ ਪਿੰਡ ਦੀਆਂ ਸੱਥਾਂ ਵਿਚ ਸਪੀਕਰ ਤੱਕ ਫੋਨ ਦੇ ਲਗਾ ਕੇ ਸਾਡੀ ਬੇਬਸੀ ਸਾਰੇ ਲੋਕਾਂ ਨੂੰ ਸੁਣਾ ਕੇ ਮੈਨੂੰ ਸ਼ਰਮਸਾਰ ਕਰਦੇ ਦਿੱਸੇ ਕਿ ਤੁਹਾਡੇ ਬੇਲਰ ਕਿਥੇ ਹਨ, ਗੱਲਾਂ ਤੁਸੀਂ ਅੱਕਾਂ ਨਾ ਲਗਾਉਣ ਦੀਆਂ ਕਰਦੇ ਹੋ, ਹੁਣ ਭੇਜੋ ਚਾਰ ਦਿਨ ਹੋ ਗਏ ਕੱਟਰ ਫੇਰੇ ਨੂੰ । ਬਹੁਤਿਆਂ ਨੂੰ ਜਲਦ ਕਣਕ ਦੀ ਬਿਜਾਈ ਨਾ ਕਰਨ ਬਾਰੇ ਵੀ ਆਖਿਆ ਗਿਆ ਕਿ ਕਣਕ ਸਰਦ ਰੁੱਤ ਦੀ ਫਸਲ ਹੈ ਨਵੰਬਰ ਦੇ ਪਹਿਲੇ ਪੰਦਰਵਾੜੇ ਵਿਚ ਬਿਜਾਈ ਕਰੋ ਤੇ ਕਾਹਲੇ ਨਾ ਪਵੋ ਪਰ ਉਹਨਾਂ ਸਾਨੂੰ ਸੁਣਨ ਤਾਂ ਦੂਰ, ਬੇਲਰ ਭੇਜਣ ਦਾ ਦਿਨ ਦੱਸਣ ਬਾਰੇ ਤੱਕ ਅੜੇ ਰਹੇ । ਏਨਾਂ ਨੂੰ ਕੇਵਲ ਮੁਲਾਜ਼ਮ ਜ਼ਰੂਰ ਦਿਸਦਾ ਸੀ ਪਰ ਬੇਲਰ ਮਾਲਕ ਕੋਈ ਹੋਰ ਹੋਣ ਦਾ ਨਜ਼ਰ ਨਹੀਂ ਆਉਂਦਾ ਸੀ । ਅੰਕੜੇ ਕੁਝ ਹੋਰ ਸਨ ਪਿੰਡ ਡੇਢ ਸੌ ਤੇ ਬੇਲਰ ਪ਼ੰਦਰਾਂ ਸਾਰੇ ਜਿੱਥੇ ਪੰਜਾਹ ਤੋਂ ਵੱਧ ਚਾਹੀਦੇ ਸਨ । ਉਹ ਸ਼ਾਇਦ ਨਾ ਜਾਣਦੇ ਹੋਣ ਕਿ ਮੁਲਾਜ਼ਮ ਨੇ ਵੀ ਤਾਂ ਬੇਲਰ ਮਾਲਕ ਨੂੰ ਪਿਆਰ ਭਰੀ ਬੇਨਤੀ ਹੀ ਕੰਮ ਕਰਨ ਲਈ ਕਰਨੀ ਹੈ ਭਾਵੇਂ ਸਰਕਾਰੀ ਸਬਸਿਡੀ ਵੀ ਦਿੱਤੀ ਹੋਵੇ । ਏਸ ਅੰਕੜੇ ਤੋਂ ਵੀ ਖੈਰ ਅਣਜਾਣ ਸਨ ਕਿ ਏਰੀਆ ਜ਼ਿਆਦਾ ਖੇਤੀ ਫਸਲ ਹੇਠ ਹੋਣ ਕਰਕੇ ਬੇਲਰ ਘੱਟ ਤੇ ਰਕਬਾ ਜ਼ਿਆਦਾ ਸੀ । ਉਪਰੋਂ ਉਹਨਾਂ ਨੂੰ ਇਕ ਮੁੱਦਾ ਖਤਮ ਹੁੰਦਾ ਦਿਸਦਿਆ, ਦੂਜਾ ਮੁੱਦਾ ਵੀ ਨਾਲ ਹੀ ਉਠਾਇਆ ਜਾਂਦਾ ਕਿ ਡੀ ਏ ਪੀ ਦੀ ਰੜਕਦੀ ਘਾਟ ਵੀ ਲੜਾਈ ਤੇ ਆਪ ਵਿਭਾਗ ਵਿੱਚ ਹੋ ਕੇ ਵੀ ਕੁੱਝ ਨਾ ਕਰ ਸਕਣ ਦਾ ਸੰਕਲਪ ਜ਼ਿਆਦਾ ਸਤਾਅ ਰਿਹਾ ਸੀ । ਭਾਵੇਂ ਸੁਸਾਇਟੀ ਵਿਚ ਆ ਵੀ ਗਈ ਸੀ ਪਰ ਜ਼ਿੰਮੀਦਾਰ ਵੀ ਡੀ ਏ ਪੀ ਵੀ ਥਾਂ ਤੇ ਪੂਰਤੀ ਲਈ ਕੋਈ ਹੋਰ ਖਾਦ ਪਾਉਣ ਬਾਰੇ ਸੁਣਨ ਨੂੰ ਤਿਆਰ ਨਹੀਂ ਸੀ । ਅਜਿਹਾ ਵਰਤਾਰਾ ਸਾਰੇ ਪਾਸਿਉਂ ਘਿਰਨ ਦਾ ਪਹਿਲੀ ਵਾਰ ਦੇਖਿਆ ਸੀ ।

ਚੱਲਦਾ









# ਮੌਸਮੀ ਬਦਲਾਅ ਕਿਸਾਨਾਂ ਲਈ ਖਤਰੇ ਦੀ ਘੰਟੀ

## ਨਵੰਬਰ ਵਿੱਚ ਵੀ 32 ਡਿਗਰੀ ਪਾਰਾ ਕਣਕ ਦੀ ਫ਼ਸਲ ਲਈ ਖਤਰਾ

ਮੌਸਮੀ ਬਦਲਾਅ ਕਿਸਾਨਾਂ ਲਈ ਖਤਰੇ ਦੀ ਘੰਟੀ ਹੈ । ਇਸ ਦਾ ਪੰਜਾਬ ਅੰਦਰ ਖਾਸ ਅਸਰ ਵੇਖਣ ਨੂੰ ਮਿਲ ਰਿਹਾ ਹੈ । ਪਹਿਲਾਂ ਬਾਰਿਸ਼ ਨਾ ਹੋਣ ਕਾਰਨ ਝੋਨੇ ਦੀ ਲੁਆਈ ਲੇਟ ਹੋਈ ਅਤੇ ਹੁਣ ਗਰਮੀ ਕਾਰਨ ਕਣਕ ਦੀ ਬਿਜਾਈ ਪੱਛੜ ਰਹੀ ਹੈ । ਨਵੰਬਰ ਚੜ੍ਹ ਗਿਆ ਹੈ, ਪਰ ਪਾਰਾ 32 ਡਿਗਰੀ ਸੈਲਸੀਅਸ ਤੋਂ ਪਾਰ ਹੈ । ਇਸ ਕਿਸਾਨ ਕਣਕ ਦੀ ਬਿਜਾਈ ਕਰਨ ਤੋਂ ਝਿਜਕ ਰਹੇ ਹਨ । ਉਨ੍ਹਾਂ ਨੂੰ ਇਹ ਵੀ ਡਰ ਹੈ ਕਿ ਕਣਕ ਦੀ ਬਿਜਾਈ ਪਛੜਨ ਨਾਲ ਝਾੜ ਉਪਰ ਵੀ ਫਰਕ ਪਵੇਗਾ । ਦਰਅਸਲ ਭਾਰਤ ਵਿੱਚ ਅਕਤੂਬਰ ਦਾ ਮਹੀਨਾ 1901 ਤੋਂ ਬਾਅਦ ਐਤਕੀਂ ਸਭ ਤੋਂ ਵੱਧ ਗਰਮ ਰਿਹਾ । ਮੌਸਮ ਵਿਭਾਗ ਨੇ ਕਿਹਾ ਕਿ ਪਿਛਲੇ ਮਹੀਨੇ ਔਸਤ ਤਾਪਮਾਨ 1.23 ਡਿਗਰੀ ਸੈਲਸੀਅਸ ਵੱਧ ਦਰਜ ਕੀਤਾ ਗਿਆ । ਮੌਸਮ ਵਿਭਾਗ ਨੇ ਨਵੰਬਰ ਦਾ ਮਹੀਨਾ ਵੀ ਗਰਮ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ ਅਤੇ ਠੰਢ ਆਉਣ ਦੇ ਕੋਈ ਸੰਕੇਤ ਨਹੀਂ ਦਿੱਤੇ । ਉੱਧਰ, ਪੰਜਾਬ ਦੀ ਗੱਲ ਕਰੀਏ ਤਾਂ ਨਵੰਬਰ ਦਾ ਮਹੀਨਾ ਸ਼ੁਰੂ ਹੋ ਗਿਆ ਹੈ, ਪਰ ਦਿਨ ਦਾ ਤਾਪਮਾਨ ਅਜੇ ਵੀ 32 ਦੇ ਆਸ-ਪਾਸ ਹੈ । ਇਸ ਨਾਲ ਕਣਕ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਲਈ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ । ਇਸ ਵਾਰ ਕਣਕ ਦੀ ਬਿਜਾਈ ਦਿਨੋਂ-ਦਿਨ ਪਛੜਦੀ ਜਾ ਰਹੀ ਹੈ । ਕਈ ਕਿਸਾਨ ਅਜਿਹੇ ਹਨ, ਜਿਨ੍ਹਾਂ ਦੀ ਝੋਨੇ ਦੀ ਫ਼ਸਲ ਅਜੇ ਤੱਕ ਨਹੀਂ ਵਿਕ ਸਕੀ । ਉਨ੍ਹਾਂ ਦੇ ਖੇਤ ਵੀ ਅਜੇ ਤੱਕ ਖਾਲੀ ਨਹੀਂ ਹੋਏ । ਉਧਰ, ਜਿਨ੍ਹਾਂ ਖੇਤਾਂ ਵਿੱਚ ਝੋਨੇ ਦੀ ਕਟਾਈ ਹੋ ਚੁੱਕੀ ਹੈ, ਉੱਥੇ ਕਿਸਾਨਾਂ ਨੇ ਰੀਪਰਾਂ ਦੀ ਵਰਤੋਂ ਕਰਕੇ ਝੋਨੇ ਦੀ ਰਹਿੰਦ-ਖੂੰਹਦ ਨੂੰ ਤੂੜੀ ਦੀਆਂ ਗੰਢਾਂ ਲਈ ਤਿਆਰ ਕਰ ਦਿੱਤਾ ਹੈ, ਪਰ ਬੇਲਰ ਨਾ ਹੋਣ ਕਾਰਨ ਇਹ ਰਹਿੰਦ-ਖੂੰਹਦ ਖੇਤਾਂ ਵਿੱਚ ਹੀ ਪਈ ਹੈ । ਇਸ ਲਈ ਕਿਸਾਨ ਵਧੀ ਗਰਮੀ ਨੂੰ ਰਾਹਤ ਮੰਨ ਰਹੇ ਹਨ । ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਇਨ੍ਹਾਂ ਦਿਨਾਂ ਦੌਰਾਨ ਮੌਸਮ ਠੀਕ ਰਹਿੰਦਾ ਅਤੇ ਬੇਲਰ ਨਾ ਮਿਲਣ ਦੀ ਸੂਰਤ ਵਿੱਚ ਅਸੀਂ ਇਸ ਨੂੰ ਅੱਗ ਲਾ ਦਿੰਦੇ, ਪਰ ਗਰਮੀ ਕਾਰਨ ਅਸੀਂ ਕਣਕ ਦੀ ਬਿਜਾਈ ਲਈ ਰੁਕੇ ਹੋਏ ਹਾਂ ਤੇ ਬੇਲਰ ਮਿਲਣ ਦੀ ਉਡੀਕ ਕਰ ਰਹੇ ਹਾਂ । ਦਰਅਸਲ ਜੂਨ-ਜੁਲਾਈ ਵਿੱਚ ਅੱਤ ਦੀ ਗਰਮੀ ਕਾਰਨ ਝੋਨੇ ਦੀ ਲੁਆਈ ਵੀ ਪਛੜ ਗਈ ਸੀ । ਇੱਥੋਂ ਤੱਕ ਕਿ ਜਿਨ੍ਹਾਂ ਕਿਸਾਨਾਂ ਨੇ ਵੇਲੇ ਸਿਰ ਝੋਨਾ ਲਾਇਆ ਵੀ ਸੀ, ਉਨ੍ਹਾਂ ਦਾ ਵੀ ਨੁਕਸਾਨ ਹੋਇਆ ਸੀ, ਕਿਉਂਕਿ ਅੱਤ ਦੀ ਗਰਮੀ ਕਾਰਨ ਪਨੀਰੀ ਸਹੀ ਤਰ੍ਹਾਂ ਨਹੀਂ ਫੁੱਟੀ ਸੀ । ਇਹੀ ਹਾਲ ਹੁਣ ਕਣਕ ਦਾ ਹੈ । ਨਵੰਬਰ ਮਹੀਨੇ ਵਿੱਚ ਵੀ ਇੰਨੀ ਗਰਮੀ ਹੈ ਕਿ ਤਾਪਮਾਨ 32 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ । ਇਨ੍ਹਾਂ ਦਿਨਾਂ ਵਿੱਚ ਕਿਸਾਨ ਕਣਕ ਦੀ ਬਿਜਾਈ ਦਾ ਅੱਧਾ ਕੰਮ ਪੂਰਾ ਕਰ ਲੈਂਦੇ ਹਨ ਅਤੇ 15 ਨਵੰਬਰ ਤੱਕ ਪੂਰੇ ਪੰਜਾਬ ਵਿੱਚ ਕਣਕ ਦੀ ਬਿਜਾਈ ਹੋ ਜਾਂਦੀ ਹੈ, ਪਰ ਇਸ ਵਾਰ ਮਾਲਵਾ ਪੱਟੀ ਵਿੱਚ ਅਜੇ ਤੱਕ ਝੋਨੇ ਦੀ ਕਟਾਈ ਦਾ ਕੰਮ ਵੀ ਪੂਰਾ ਨਹੀਂ ਹੋਇਆ । ਮੁਕਤਸਰ, ਬਠਿੰਡਾ ਆਦਿ ਜ਼ਿਲ੍ਹਿਆਂ ਵਿੱਚ ਅਜੇ ਵੀ ਵੱਡੀ ਮਾਤਰਾ ਵਿੱਚ ਝੋਨਾ ਖੇਤਾਂ ਵਿੱਚ ਖੜ੍ਹਾ ਹੈ ਅਤੇ ਅਗਲੇ 10 ਦਿਨਾਂ ਦਿਨਾਂ ਵਿੱਚ ਵੀ ਇਸ ਦੀ ਕਟਾਈ ਮੁਕੰਮਲ ਹੋਣੀ ਸੰਭਵ ਨਹੀਂ ਜਾਪਦੀ । ਸਪੱਸ਼ਟ ਹੈ ਕਿ ਝੋਨੇ ਦੀ ਤਰ੍ਹਾਂ ਕਣਕ ਦੀ ਬਿਜਾਈ ਵੀ ਦੇਰੀ ਨਾਲ ਹੋਵੇਗੀ । ਉਧਰ, ਖੇਤੀਬਾੜੀ ਵਿਭਾਗ ਦੇ ਸਾਬਕਾ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਦਾ ਮੰਨਣਾ ਹੈ ਕਿ ਮੌਸਮ ਵਿੱਚ ਬਦਲਾਅ ਕਾਰਨ ਅਜਿਹਾ ਹੋ ਰਿਹਾ ਹੈ । ਡਾ: ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਪੁਰਾਣੇ ਬਜ਼ੁਰਗ ਹਲਕੀ ਠੰਢ ਪੈਣ 'ਤੇ ਕਣਕ ਦੀ ਬਿਜਾਈ ਕਰਦੇ ਸਨ । ਇਸ ਕਾਰਨ ਕਣਕ ਦੇ ਉਗਣ ਵਿੱਚ ਕੋਈ ਦਿੱਕਤ ਨਹੀਂ ਆਉਂਦੀ ਸੀ । ਅੱਜ ਜੇਕਰ ਕਿਸਾਨ ਗਰਮੀ ਕਾਰਨ ਕਣਕ ਦੀ ਬਿਜਾਈ ਕਰਨ ਤੋਂ ਝਿਜਕ ਰਹੇ ਹਨ ਤਾਂ ਉਹ ਸਹੀ ਕਰ ਰਹੇ ਹਨ । ਉਨ੍ਹਾਂ ਦੱਸਿਆ ਕਿ ਦਿਨ ਤੇ ਰਾਤ ਦੇ ਤਾਪਮਾਨ ਵਿੱਚ ਭਾਰੀ ਅੰਤਰ ਹੈ, ਜੋ ਫਸਲ ਲਈ ਠੀਕ ਨਹੀਂ । ਡਾ: ਸਿੱਧੂ ਨੇ ਕਿਹਾ ਕਿ ਜੇਕਰ ਮਾਰਚ-ਅਪ੍ਰੈਲ ਮਹੀਨੇ ਤਾਪਮਾਨ ਨਾ ਵਧਿਆ ਤਾਂ ਕਣਕ ਦੇ ਝਾੜ ਵਿੱਚ ਕੋਈ ਖਾਸ ਫਰਕ ਨਹੀਂ ਪਵੇਗਾ ।

### ਕਿਸਾਨ ਡੀ.ਏ.ਪੀ. ਖਾਦ ਪਿੱਛੇ ਅੰਨ੍ਹੇਵਾਹ ਦੌੜਨ ਦੀ ਥਾਂ ਬਦਲਵੀਆਂ ਖਾਦਾਂ ਦੀ ਵਰਤੋਂ ਕਰਕੇ ਸਮਾਂ ਅਤੇ ਧਨ ਬਚਾਉਣ : ਖੇਤੀ ਮਾਹਿਰ

ਪੰਜਾਬ ਦੇ ਵੱਖ-ਵੱਖ ਖੇਤੀ ਮਾਹਿਰਾਂ ਨੇ ਡੀ. ਏ. ਪੀ. ਖਾਦ ਪਿੱਛੇ ਖੱਜਲ-ਖੁਆਰ ਅਤੇ ਲੁੱਟ ਦੇ ਸ਼ਿਕਾਰ ਹੋ ਰਹੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਕਣਕ ਦੀ ਬਿਜਾਈ ਲਈ ਡੀ. ਏ. ਪੀ. ਦੇ ਬਦਲ ਵਜੋਂ ਹੋਰ ਫਾਸਫੋਰਸ ਤੱਤਾਂ ਵਾਲੀਆਂ ਖਾਦਾਂ ਨੂੰ ਬਦਲਵੇਂ ਸਰੋਤਾਂ ਵਜੋਂ ਵਰਤਿਆ ਜਾ ਸਕਦਾ ਹੈ । ਡੀ. ਏ. ਪੀ. ਵਿੱਚ 46 ਫੀਸਦੀ ਫਾਸਫੋਰਸ ਅਤੇ 18 ਫੀਸਦੀ ਨਾਈਟਰੋਜਨ ਹੁੰਦੀ ਹੈ । ਇੱਕ ਹੋਰ ਖਾਦ ਐਨ. ਪੀ. ਕੇ. (12:32:16) ਵਿੱਚ 32 ਫੀਸਦੀ ਫਾਸਫੋਰਸ ਅਤੇ 12 ਫੀਸਦੀ ਨਾਈਟਰੋਜਨ ਦੇ ਨਾਲ-ਨਾਲ 16 ਫੀਸਦੀ ਪੋਟਾਸ਼ੀਅਮ ਦੀ ਮਾਤਰਾ ਪਾਈ ਜਾਂਦੀ ਹੈ । ਸਿੰਗਲ ਸੁਪਰਫਾਸਫੇਟ ਤੱਤ ਮਿਲਦਾ ਹੈ ਅਤੇ ਇਸ ਦੀਆਂ ਤਿੰਨ ਬੋਰੀਆਂ ਨਾਲ ਫਾਸਫੋਰਸ ਤੱਤ ਦੀ ਪੂਰਤੀ ਤੋਂ ਬਿਨਾਂ 18 ਕਿਲੋ ਗੰਧਕ ਵੀ ਕਣਕ ਦੀ ਫ਼ਸਲ ਨੂੰ ਮਿਲ ਸਕਦੀ ਹੈ । ਟ੍ਰਿਪਲ ਸੁਪਰ ਫਾਸਫੇਟ ਨੂੰ ਨਵੀਂ ਖਾਦ ਵਜੋਂ ਵਰਤਿਆ ਜਾ ਸਕਦਾ ਹੈ ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਕਣਕ** : ਸੇਂਜੂ ਹਾਲਤਾਂ ਲਈ ਕਣਕ ਦੀਆਂ ਪੀ ਬੀ ਡਬਲਯੂ 826, ਪੀ ਬੀ ਡਬਲਯੂ-824, ਪੀ ਬੀ ਡਬਲਯੂ-766, ਡੀ ਬੀ ਡਬਲਯੂ 187, ਐਚ ਡੀ-3226, ਪੀ ਬੀ ਡਬਲਯੂ-725, ਪੀ ਬੀ ਡਬਲਯੂ



677, ਐਚ ਪੀ 3086, ਡਬਲਯੂ ਐਚ 1105, ਪੀ ਬੀ ਡਬਲਯੂ 1 ਜ਼ਿੰਕ, ਪੀ ਬੀ ਡਬਲਯੂ ਜ਼ਿੰਕ 2 ਅਤੇ ਵਡਾਣਕ ਕਣਕ ਦੀਆਂ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਕਿਸਮਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਕਣਕ ਦੀਆਂ ਕਿਸਮਾਂ ਡੀ ਬੀ ਡਬਲਯੂ 222 ਦੀ ਬਿਜਾਈ ਨੀਮ ਪਹਾੜੀ ਇਲਾਕਿਆਂ ਨੂੰ ਛੱਡ ਕੇ ਬਾਕੀ ਦੇ ਇਲਾਕਿਆਂ ਵਿਚ ਕੀਤੀ ਜਾ ਸਕਦੀ ਹੈ ਅਤੇ ਪੀ ਬੀ ਡਬਲਯੂ 803 ਕਿਸਮ ਪੰਜਾਬ ਦੇ ਦੱਖਣ ਪੱਛਮੀ ਇਲਾਕਿਆਂ ਲਈ ਢੁੱਕਵੀਂ ਹੈ । ਕਣਕ ਦੀ ਬਿਜਾਈ ਸੇਂਜੂ ਹਾਲਤਾਂ ਵਿਚ ਅਕਤੂਬਰ ਦੇ ਚੌਥੇ ਹਫਤੇ ਤੋਂ ਨਵੰਬਰ ਦੇ ਚੌਥੇ ਹਫਤੇ ਤੱਕ ਕਰ ਲੈਣੀ ਚਾਹੀਦੀ ਹੈ । ਜਿਨ੍ਹਾਂ ਖੇਤਾਂ ਵਿਚ ਝੋਨੇ ਦੀ ਪਰਾਲੀ ਦੀ ਸੰਭਾਲ ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਰਕੇ ਕਣਕ ਦੀ ਬਿਜਾਈ ਕਰਨੀ ਹੋਵੇ ਉਹਨਾਂ ਖੇਤਾਂ ਵਿਚ ਕਣਕ ਦੀ ਕਿਸਮ ਪੀ ਬੀ ਡਬਲਯੂ 869 ਦੀ ਬਿਜਾਈ ਕਰੋ । ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਕੀਰਾ/ਮੋਮੀਜੀ 85 ਡਬਲਯੂ ਜੀ (ਪਾਈਰੌਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋਂ ਇਹਨਾਂ ਵਿਚੋਂ ਕਿਸੇ ਇਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ । ਕਣਕ ਦੀ ਬਿਜਾਈ ਸਮੇਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਵਿਚ 55 ਕਿਲੋ ਡੀ.ਏ.ਪੀ./ਏਕੜ ਡਰਿੱਲ ਕਰੋ । ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ । ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਯੂਰੀਆ/ਏਕੜ ਪਾਓ । ਕਣਕ ਦੀ ਪੀ ਬੀ ਡਬਲਯੂ 869 ਕਿਸਮ ਹੈਪੀ ਸੀਡਰ ਨਾਲ ਬਿਜਾਈ ਲਈ ਸਿਫਾਰਿਸ਼ ਕੀਤੀ ਜਾਂਦੀ ਹੈ । ਨਵੰਬਰ ਦੇ ਚੌਥੇ ਹਫਤੇ ਤੋਂ ਬਾਅਦ ਪੀ ਬੀ ਡਬਲਯੂ 771 ਜਾਂ ਪੀ ਬੀ ਡਬਲਯੂ 752 ਕਿਸਮ ਬੀਜੋ ।

**ਕਮਾਦ** : ਆਉਣ ਵਾਲੇ 2-3 ਦਿਨ ਖੁਸ਼ਕ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ ਕਿਸਾਨ ਵੀਰ ਫਸਲ ਨੂੰ ਲੋੜੀਂਦਾ ਪਾਣੀ ਲਗਾ ਸਕਦੇ ਹਨ । ਸੀ ਓ ਪੀ ਬੀ-95, ਸੀ ਓ ਪੀ ਬੀ-96, ਸੀ ਓ ਪੀ ਬੀ-15023, ਸੀ ਓ ਪੀ ਬੀ-92 ਸੀ ਓ ਜੇ-85 ਅਤੇ ਸੀ ਓ-118 ਵਰਗੀਆਂ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਦੀ ਪਿੜਾਈ/ਕਟਾਈ ਸ਼ੁਰੂ ਕਰੋ ।

**ਤੇਲ ਬੀਜ** : ਆਉਣ ਵਾਲੇ 2-3 ਦਿਨ ਸਾਫ ਮੌਸਮ ਦੌਰਾਨ ਰਾਇਆ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ 15 ਨਵੰਬਰ ਤੱਕ ਪੂਰੀ ਕਰ ਲਵੋ । ਅਫਰੀਕਨ ਸਰ੍ਹੋਂ ਪੀ ਸੀ 6 ਦੀ ਬਿਜਾਈ ਵੀ ਇਸ ਸਾਰੇ ਮਹੀਨੇ ਵਿਚ ਕੀਤੀ ਜਾ ਸਕਦੀ ਹੈ । ਰਾਇਆ ਦੀਆਂ ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357 ਕਿਸਮਾਂ ਪੰਜਾਬ ਦੇ ਸਾਰੇ ਇਲਾਕਿਆਂ ਲਈ ਸਿਫਾਰਿਸ਼ ਕੀਤੀਆਂ ਜਾਂਦੀਆਂ ਹਨ । ਗੋਭੀ ਸਰ੍ਹੋਂ ਦੀ ਪਿਛੇਤੀ ਬਿਜਾਈ ਨਾਲੋਂ ਪਨੀਰੀ ਰਾਹੀਂ ਫਸਲ ਜ਼ਿਆਦਾ ਲਾਹੇਵੰਦ ਹੈ । ਪਨੀਰੀ ਰਾਹੀਂ ਗੋਭੀ ਸਰ੍ਹੋਂ ਬੀਜਣ ਲਈ ਕਨੋਲਾ ਕਿਸਮ ਦੀ 30 ਦਿਨਾਂ ਦੀ ਉਮਰ ਦੀ ਪਨੀਰੀ ਵਰਤੋਂ । ਰਾਇਆ, ਅਫਰੀਕਨ ਸਰ੍ਹੋਂ ਅਤੇ ਗੋਭੀ ਸਰ੍ਹੋਂ ਨੂੰ ਬਿਜਾਈ ਵੇਲੇ 45 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਤੇ 10 ਕਿਲੋ ਮਿਊਰੇਟ ਆਫ ਪੋਟਾਸ਼ (ਸਿਰਫ ਘਾਟ ਵਾਲੀਆਂ ਜ਼ਮੀਨਾਂ ਵਿਚ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣ ਦੀ ਜ਼ਰੂਰਤ ਹੈ । ਯੂਰੀਏ ਦੀ ਦੂਸਰੀ ਕਿਸ਼ਤ 45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਵੇਲੇ ਪਾਓ । ਬਰਾਨੀ ਹਾਲਤਾਂ ਵਿਚ ਰਾਇਆ ਨੂੰ 33 ਕਿਲੋ ਯੂਰੀਆ ਅਤੇ 50 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ ।

**ਛੋਲੇ** : 10 ਨਵੰਬਰ ਤੱਕ ਛੋਲਿਆਂ ਦੀ ਬਿਜਾਈ ਖਤਮ ਕਰ ਦਿਓ ਨਹੀਂ ਤਾਂ ਪਿਛੇਤੀ ਬਿਜਾਈ ਨਾਲ ਝਾੜ ਬਹੁਤ ਘੱਟ ਜਾਵੇਗਾ । ਬਰਾਨੀ ਹਾਲਤਾਂ ਵਿਚ ਪੀ ਡੀ ਜੀ 4 ਕਿਸਮ ਬੀਜੋ । ਬਿਜਾਈ ਸਮੇਂ ਦੇਸੀ ਛੋਲਿਆਂ ਨੂੰ 13 ਕਿਲੋ ਯੂਰੀਆ ਅਤੇ 50



ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਓ । ਕਾਬਲੀ ਛੋਲਿਆਂ ਨੂੰ 13 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ ।

**ਚਾਰੇ** : ਬਰਸੀਮ ਦੀ ਪਹਿਲੀ ਕਟਾਈ ਕਰ ਲਵੋ । ਰੇਤਲੀ ਜ਼ਮੀਨ ਵਿਚ ਮੈਗਨੀਜ਼ ਸਲਫੇਟ ਦੀ ਘਾਟ ਵਾਲੀ ਫਸਲ ਤੇ ਕਟਾਈ ਤੋਂ 2 ਹਫਤੇ ਬਾਅਦ 0.5% ਮੈਂਗਨੀਜ਼ ਸਲਫੇਟ (ਇਕ ਕਿਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਛਿੜਕਾ ਕਰੋ । ਇਹ ਮਹੀਨੇ ਦੇ ਸ਼ੁਰੂ ਵਿਚ ਨੇਪੀਅਰ ਬਾਜਰੇ ਦੀ ਕਟਾਈ ਕਰ ਲਵੋ । ਪਿਛੇਤੀ ਕਟਾਈ ਕਰਨ ਨਾਲ ਇਸ ਦੀ ਮੁੱਢ ਠੰਢ ਨਾਲ ਮਰ ਜਾਂਦੇ ਹਨ ।

**ਮਸਰ** : ਨੀਮ ਪਹਾੜੀ ਇਲਾਕਿਆਂ ਵਿਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਦੂਸਰੇ ਪੰਦਰਵਾੜੇ ਵਿਚ ਕਰੋ ਅਤੇ ਐੱਲ ਐੱਲ 1373 ਕਿਸਮ ਦਾ 18 ਕਿਲੋ ਬੀਜ ਪ੍ਰਤੀ ਏਕੜ ਤੇ ਐੱਲ ਐੱਲ 931 ਕਿਸਮਾਂ ਦਾ 12-15 ਕਿਲੋ ਪ੍ਰਤੀ ਏਕੜ ਬੀਜ ਬੀਜੋ । ਮਸਰਾਂ ਦੀ ਫਸਲ ਦਾ ਵਧੀਆ ਝਾੜ ਲੈਣ ਲਈ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਉ ਅਤੇ ਬਿਜਾਈ ਵੇਲੇ 11 ਕਿਲੋ ਯੂਰੀਆ ਅਤੇ 50 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਓ । ਜੇ ਟੀਕਾ ਨਹੀਂ ਲਾਇਆ ਤਾਂ 100 ਕਿੱਲੋ ਸਿੰਗਲ ਸੁਪਰਫਾਸਫੇਟ ਬਿਜਾਈ ਸਮੇਂ ਪਾਓ ।

**ਸਬਜ਼ੀਆਂ** : ਮਿਰਚ ਅਤੇ ਬੈਂਗਣ ਦੀ ਪਨੀਰੀ ਦੀ ਬਿਜਾਈ ਕਰੋ ਜੋ ਕਿ ਫਰਵਰੀ-ਮਾਰਚ ਵਿਚ ਟ੍ਰਾਂਸਪਲਾਂਟ ਕੀਤੀ ਜਾਣੀ ਹੈ । ਅਕਤੂਬਰ ਵਿਚ ਬੀਜੇ ਗਏ ਟਮਾਟਰ ਅਤੇ ਬੈਂਗਣ ਦੇ ਬੂਟਿਆਂ ਦੀ ਲੁਆਈ ਸ਼ੁਰੂ ਕਰੋ । ਇਹ ਸਮਾਂ ਹਾੜ੍ਹੀ ਦੇ ਪਿਆਜ਼ ਦੀਆਂ ਕਿਸਮਾਂ ਜਿਵੇਂ ਪੀ ਆਰ ਓ-7, ਪੰਜਾਬ ਨਰੋਆ, ਪੀ. ਵਾਈ. ਓ.-1, ਪੀ.ਡਬਲਯੂ. ਓ. ਤੇ ਹਾਈਬ੍ਰਿਡ ਪੀ ਓ ਐੱਚ-1 ਦੀ ਬਿਜਾਈ ਲਈ ਢੁੱਕਵਾਂ ਹੈ । ਮਟਰ ਦੀਆਂ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਪੰਜਾਬ-89, ਮਿੱਠੀ ਫਲੀ ਅਤੇ ਗਾਜਰ ਦੀਆਂ ਯੂਰਪੀਅਨ ਕਿਸਮਾਂ ਦੀ ਬਿਜਾਈ ਦਾ ਵੀ ਢੁੱਕਵਾਂ ਸਮਾਂ ਹੈ । ਆਲੂ ਦੀ ਫਸਲ ਦੀ ਬਿਜਾਈ ਲਈ ਰੋਗ ਮੁਕਤ ਸਿਹਤਮੰਦ ਬੀਜ ਦੀ ਵਰਤੋ ਕਰੋ । ਬਲੈਕ ਸਕ੍ਰਫ ਦੀ ਜਾਂਚ ਕਰਨ ਲਈ ਬੀਜ ਨੂੰ 100 ਲਿਟਰ ਪਾਣੀ ਵਿਚ ਸਿਸਟੀਵਾ @ 80 ਮਿਲੀਲਿਟਰ ਜਾਂ ਐਮੇਸਟੋ ਪ੍ਰਾਈਮ @ 83 ਮਿਲੀਲਿਟਰ ਜਾਂ ਮੋਨਸਰੇਨ @ 250 ਮਿਲੀਲਿਟਰ ਨਾਲ ਰੋਗਾਣੂ ਮੁਕਤ ਕਰੋ । ਆਉਣ ਵਾਲੇ 3-4 ਦਿਨ ਖੁਸ਼ਕ ਮੌਸਮ ਦੇਖਦੇ ਹੋਈ ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ । ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ । ਸਰਦੀਆਂ ਦੀਆਂ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ, ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ । ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ । ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਹਾਰਾ ਦਿਉ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ ।

**ਬਾਗਬਾਨੀ** : ਬੇਰਾਂ ਦੇ ਬੂਟਿਆਂ ਨੂੰ ਚਿੱਟੋ ਦੇ ਰੋਗ ਤੋਂ ਬਚਾਉਣ ਲਈ 0.25% (250 ਗ੍ਰਾਮ/100 ਲਿਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ 2 : 2 : 250 ਦਾ ਛਿੜਕਾਅ ਕਰੋ । ਬੇਰਾਂ ਦੇ ਬਾਗਾਂ ਵਿਚ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਫਲਾਂ ਦਾ ਕੇਰਾ ਘਟਾਉਣ ਅਤੇ ਝਾੜ ਵਿਚ ਵਾਧੇ ਲਈ ਝੋਨੇ ਦੀ ਪਰਾਲੀ ਦੀ ਘੱਟੋ-ਘੱਟ 10 ਸੈਂਟੀਮੀਟਰ ਮੋਟੀ ਤਹਿ ਵਿਛਾਉ । 5.0 ਟਨ ਪ੍ਰਤੀ ਏਕੜ ਦੀ ਯੂਰੀਆ ਖਾਦ ਦੀ ਦੂਜੀ ਕਿਸ਼ਤ ਪਾਉਣ ਤੋਂ ਬਾਅਦ ਵਰਤੋਂ ਕਰੋ । ਨਵੇਂ ਲਗਾਏ ਫਲਦਾਰ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀਆਂ ਦਾ ਸਹਾਰਾ ਦਿਉ ਅਤੇ ਜੜ੍ਹ-ਮੁੱਢ ਤੋਂ ਨਿਕਲਦਾ ਫੁਟਾਰਾ ਲਗਾਤਾਰ ਤੋੜਦੇ ਰਹੋ । ਨਿੰਬੂ ਜਾਤੀ ਦੇ ਖਰੀਂਢ ਰੋਗ ਨੂੰ ਖਤਮ ਕਰਨ ਲਈ 50 ਗ੍ਰਾਮ ਸਟਰੈਪੋਸਾਈਕਲੀਨ 25 ਗ੍ਰਾਮ ਕੌਪਰ ਸਲਫੇਟ 500 ਲੀਟਰ ਪਾਣੀ ਵਿਚ ਪਾ ਕੇ ਛਿੜਕਾਅ ਕਰੋ । ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ । ਅੰਬਾਂ ਦੀ ਮਾਲਫਾਰਮੇਸ਼ਨ ਵਾਲੇ ਗੁੱਛੇ 15 ਸੈਂਟੀਮੀਟਰ ਨਰੋਈ ਸ਼ਾਖ ਸਮੇਤ ਕੱਟਕੇ ਬੂਟਿਆਂ ਉੱਤੇ 100 ਗ੍ਰਾਮ ਐਨ.ਏ.ਏ. ਦਾ ਛਿੜਕਾਅ ਕਰੋ । ਇਸ ਦਵਾਈ ਤੋਂ ਪਹਿਲਾਂ 200 ਮਿ. ਲੀ. ਅਲਕੋਹਲ ਵਿਚ ਘੋਲ ਕੇ ਫਿਰ 500 ਲੀਟਰ ਪਾਣੀ ਵਿਚ ਘੋਲ ਬਣਾਉ ।

**ਪਸ਼ੂ ਪਾਲਣ** : ਵਾਤਾਵਰਣ ਵਿਚ ਤਾਪਮਾਨ ਦੇ ਉਤਾਰ ਚੜਾਵ ਤੋਂ ਪਸ਼ੂਆਂ ਦਾ ਬਚਾਅ ਕਰਨਾ ਬਹੁਤ ਜ਼ਰੂਰੀ ਹੈ । ਸ਼ੈਡ ਅੰਦਰ ਪਰਾਲੀ ਜਾਂ ਰੇਤੇ ਦੀ ਸੁੱਕ ਪਾ ਦਿਉ ਤਾਂ ਕਿ ਅੰਦਰੋਂ ਸੁੱਕਾ ਅਤੇ ਨਿੱਘਾ ਰਹੇ । ਬਦਲਦੇ ਮੌਸਮ ਵਿਚ ਦੋਗਲੇ ਪਸ਼ੂਆਂ ਨੂੰ ਕਈ ਬਿਮਾਰੀਆਂ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦਾ ਖਾਸ ਖਿਆਲ ਰੱਖੋ । ਜੇ ਪਸ਼ੂ ਬਿਮਾਰ ਪੈ ਜਾਵੇ ਤਾਂ ਡਾਕਟਰ ਦੀ ਸਲਾਹ ਲਵੋ ।



ਕਿਸਾਨ ਵੀਰੋ !

# ਪਰਾਲੀ ਨਾ ਸਾੜੋ

★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।

★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।

★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।

★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।

★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ ।

★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ ।

★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।

★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।

★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।

## ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!
## ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!



# ਝੋਨੇ ਦੀ ਖਰੀਦ ਸੰਕਟ ਅਤੇ ਵਿਉਂਤਬੰਦੀ ਦੇ ਮਸਲੇ

ਝੋਨੇ ਭਾਰਤ ਵਿਚ ਅਨਾਜ ਦੀ ਮੁੱਖ ਫਸਲ ਹੈ ਅਤੇ ਇਹ ਦੁਨੀਆ ਵਿਚ ਚੀਨ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਚੌਲ ਉਤਪਾਦਕ ਦੇਸ਼ ਹੈ । 2023-24 ਵਿਚ ਦੇਸ਼ ਵਿਚ ਚੌਲਾਂ ਦੀ ਕੁੱਲ ਪੈਦਾਵਾਰ 1378.3 ਲੱਖ ਟਨ ਹੋਣ ਦਾ ਅਨੁਮਾਨ ਸੀ ਜਿਸ ਵਿੱਚੋਂ ਸਾਉਣੀ ਵਿਚ 1132.6 ਲੱਖ ਟਨ, ਹਾੜ੍ਹੀ ਤੇ ਜ਼ੈਦ ਵਿਚ 245.7 ਲੱਖ ਟਨ ਹੋਣ ਦਾ ਅਨੁਮਾਨ ਸੀ । ਭਾਰਤ ਵਿਚ 2024 ਦੀ ਸਾਉਣੀ ਵਿਚ ਕੁੱਲ 1087.3 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਲਵਾਈ ਬਿਜਾਈ ਹੋਈ ਜੋ ਪਿਛਲੇ ਪੂਰੇ ਮੰਡੀਕਰਨ ਸਾਲ ਦੇ ਮੁਕਾਬਲੇ ਕਰੀਬ ਦੋ ਫੀਸਦੀ ਵੱਧ ਹੈ । ਇਹ ਪਿਛਲੀ ਸਾਉਣੀ ਵਿਚਲੇ ਝੋਨੇ ਦੇ ਰਕਬੇ ਨਾਲੋਂ ਕਰੀਬ ਚਾਰ % ਵੱਧ ਹੈ । ਰਕਬਾ ਵਧਣ ਅਤੇ ਮੀਂਹ ਚੰਗੇ ਪੈਣ ਕਰ ਕੇ ਇਸ ਸਾਲ ਚੌਲਾਂ ਦਾ ਬੰਪਰ ਉਤਪਾਦਨ ਹੋਣ ਦੀ ਆਸ ਹੈ ।

ਖੇਤੀ ਮੰਡੀਕਰਨ 2023-24 ਦੌਰਾਨ ਕੇਂਦਰ ਨੇ 1.76 ਲੱਖ ਕਰੋੜ ਰੁਪਏ ਖਰਚ ਕੇ ਇਕ ਕਰੋੜ ਕਿਸਾਨਾਂ ਕੋਲੋਂ ਘੱਟੋ-ਘੱਟ ਸਮਰਥਨ ਮੁੱਲ 'ਤੇ 525.5 ਲੱਖ ਟਨ ਚੌਲ ਖਰੀਦਿਆ ਸੀ (ਸਰਕਾਰੀ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਇਕ ਕੁਇੰਟਲ 'ਚੋਂ 67 ਕਿਲੋ ਚੌਲ ਨਿਕਲਦੇ ਹਨ) । ਇਸ ਵਿਚ ਮੋਹਰੀ ਹਿੱਸਾ ਪੰਜਾਬ ਦਾ ਰਿਹਾ ਜਿਸ ਨੇ ਕੇਂਦਰੀ ਪੂਲ ਲਈ 124.2 ਲੱਖ ਟਨ ਚੌਲ ਦਿੱਤੇ; ਇਸ ਤੋਂ ਬਾਅਦ ਛੱਤੀਸਗੜ੍ਹ (83 ਲੱਖ ਟਨ) ਦਾ ਨੰਬਰ ਆਇਆ । ਵੱਖ-ਵੱਖ ਕਲਿਆਣਕਾਰੀ ਸਕੀਮਾਂ ਅਤੇ ਕੌਮੀ ਖੁਰਾਕ ਸੁਰੱਖਿਆ ਐਕਟ ਤਹਿਤ ਸਰਕਾਰੀ ਰਾਸ਼ਨ ਵੰਡ ਪ੍ਰਣਾਲੀ (ਪੀ ਡੀ ਐੱਸ) ਲਈ ਅੰਦਾਜ਼ਨ 41 ਲੱਖ ਟਨ ਚੌਲਾਂ ਦੀ ਲੋੜ ਪੈਂਦੀ ਹੈ ।

ਸਰਕਾਰ ਨੇ ਕੱਚੇ ਚੌਲਾਂ ਦੀਆਂ ਬਰਾਮਦੀ ਖੇਪਾਂ 'ਤੇ ਪਾਬੰਦੀ ਲਾ ਦਿੱਤੀ ਅਤੇ ਇਸ ਵਿਚ 100% ਟੋਟਾ ਚੌਲ ਵੀ ਸੀ; ਅੱਧ ਉਬਲੇ ਚੌਲਾਂ 'ਤੇ ਬਰਾਮਦੀ ਮਹਿਸੂਲ ਉੱਪਰ 20% ਲੈਵੀ ਜਾਰੀ ਰੱਖੀ ਅਤੇ ਗੈਰ-ਬਾਸਮਤੀ ਚਿੱਟੇ ਚੌਲਾਂ ਦੀ ਘੱਟੋ-ਘੱਟ ਬਰਾਮਦੀ ਕੀਮਤ (ਐੱਮ ਈ ਪੀ) 490 ਡਾਲਰ ਫੀ ਕੁਇੰਟਲ ਮਿੱਥ ਦਿੱਤੀ ਇਸ ਕੀਮਤ ਨੇ ਚੌਲਾਂ ਦੀ ਬਰਾਮਦ ਘਟਾ ਦਿੱਤੀ ਪਰ ਨਾਲ ਦੋਸ਼ ਲੱਗਿਆ ਕਿ ਇਸ ਕਰ ਕੇ ਸਰਕਾਰੀ ਰਾਸ਼ਨ ਵੰਡ ਪ੍ਰਣਾਲੀ ਤੋਂ ਵੱਡੇ ਪੱਧਰ 'ਤੇ ਚੌਲਾਂ ਦੀ ਦੂਜੇ ਮੰਤਵਾਂ ਲਈ ਅਦਲ ਬਦਲ ਹੋਈ ਹੈ । ਛੱਤੀਸਗੜ੍ਹ ਅਤੇ ਉੜੀਸਾ ਜਿਹੇ ਸੂਬਿਆਂ ਵਿਚ ਕੇਂਦਰ ਸਰਕਾਰ ਦੇ ਐਲਾਨੇ ਐੱਮ ਐੱਸ ਪੀ ਨਾਲੋਂ ਜ਼ਿਆਦਾ ਮੁੱਲ 'ਤੇ ਝੋਨਾ ਖਰੀਦਿਆ ਜਾ ਰਿਹਾ ਹੈ ਪਰ ਇਸ ਲਈ ਪ੍ਰਤੀ ਏਕੜ 21 ਕੁਇੰਟਲ ਦੀ ਹੱਦ ਨਿਯਤ ਕੀਤੀ ਗਈ ਹੈ । ਇਸ ਲਈ ਜਿਹੜੇ ਕਿਸਾਨ ਜ਼ਿਆਦਾ ਝਾੜ ਲੈਂਦੇ ਹਨ, ਉਨ੍ਹਾਂ ਨੂੰ ਆਪਣੀ ਵਾਧੂ ਜਿਣਸ ਐੱਮ ਐੱਸ ਪੀ ਨਾਲੋਂ ਘੱਟ ਮੁੱਲ 'ਤੇ ਵਪਾਰੀਆਂ ਨੂੰ ਵੇਚਣੀ ਪੈਂਦੀ ਹੈ । 2023 ਵਿਚ ਪਾਬੰਦੀ ਆਇਦ ਹੋਣ ਤੋਂ ਪਹਿਲਾਂ ਵਪਾਰੀ 30 ਲੱਖ ਟਨ ਚਿੱਟਾ ਚੌਲ ਬਰਾਮਦ ਕਰ ਰਹੇ ਸਨ ।

ਇਸ ਕਰਕੇ ਵਾਧੂ ਭੰਡਾਰਾਂ ਅਤੇ ਚਲੰਤ ਸਾਉਣੀ ਮੰਡੀਕਰਨ ਸੀਜ਼ਨ ਵਿਚ ਬਫਰ ਭੰਡਾਰਾਂ ਲਈ ਖਰੀਦ ਅਤੇ ਐੱਫ ਸੀ ਆਈ ਅਤੇ ਸੂਬਾਈ ਖਰੀਦ ਏਜੰਸੀਆਂ ਲਈ ਭੰਡਾਰਨ ਦੀ ਸਮੱਸਿਆ ਪੈਦਾ ਹੋ ਗਈ । ਸਿੱਟੇ ਵਜੋਂ 2024-25 ਸਾਉਣੀ ਮੰਡੀਕਰਨ ਸੀਜ਼ਨ ਦੌਰਾਨ ਚੌਲਾਂ ਦੀ ਖਰੀਦ ਦੇ ਟੀਚੇ ਵਿਚ ਕਮੀ ਹੋ ਗਈ ਹੈ । ਇਸ ਵਾਰ 485.1 ਲੱਖ ਟਨ ਖਰੀਦਣ ਦਾ ਟੀਚਾ ਹੈ ; ਪਿਛਲੇ ਸਾਲ 521.3 ਲੱਖ ਟਨ ਦਾ ਟੀਚਾ ਹੈ ।

ਪੰਜਾਬ ਵਿਚ ਸਾਉਣੀ 2024-25 ਦੌਰਾਨ ਝੋਨੇ ਦੀ ਲਵਾਈ ਹੇਠ ਕੁੱਲ ਰਕਬਾ 31.54 ਲੱਖ ਹੈਕਟੇਅਰ ਸੀ ਜਿਸ 'ਚੋਂ ਪੀ ਆਰ 126 ਵਰਗੀਆਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਹੇਠ ਰਕਬਾ ਕਰੀਬ 15 ਲੱਖ ਹੈਕਟੇਅਰ ਸੀ । ਐਤਕੀਂ ਮੰਡੀਆਂ ਵਿਚ 186 ਲੱਖ ਟਲ ਝੋਨਾ (ਭਾਵ 124 ਲੱਖ ਟਨ ਚੌਲ) ਵਿਕਣ ਲਈ ਆਉਣ ਦਾ ਅਨੁਮਾਨ ਹੈ ।

ਮੰਡੀਆਂ ਵਿਚ ਝੋਨੇ ਦੀ ਆਮਦ ਜ਼ਿਆਦਾ ਹੋਣ ਅਤੇ ਖਰੀਦ ਮੱਠੀ ਹੋਣ ਨਾਲ ਢੇਰ ਲੱਗਦੇ ਸ਼ੁਰੂ ਹੋ ਗਏ । ਸਥਿਤੀ ਉਦੋਂ ਹੋਰ ਵਿਗੜ ਗਈ ਜਦੋਂ ਚੌਲ ਮਿੱਲਾਂ 'ਚੋਂ ਖਪਤਕਾਰ ਰਾਜਾਂ ਵਲੋਂ ਪਿਛਲੇ ਸਾਲ ਦੀ ਖਰੀਦੇ ਚੌਲ ਨਾ ਚੁੱਕਣ ਕਰ ਕੇ ਨਵੀਂ ਜਿਣਸ ਰੱਖਣ ਲਈ ਜਗ੍ਹਾ ਦੀ ਘਾਟ ਹੋ ਗਈ ਅਤੇ ਮੰਡੀਆਂ 'ਚੋਂ ਝੋਨੇ ਦੀ ਲੋੜੀਂਦੀ ਚੁਕਾਈ ਨਾ ਕੀਤੀ ਜਾ ਸਕੀ । ਕਿਸਾਨਾਂ ਅਤੇ ਮਜ਼ਦੂਰਾਂ (ਝੋਨਾ ਸਾਂਭਣ ਲਈ ਘੱਟ ਉਜਰਤ ਦੀ ਮੰਗ) ਅਤੇ ਆੜ੍ਹਤੀਆਂ ਦੇ ਰੋਸ ਵਿਖਾਵੇ ਸ਼ੁਰੂ ਹੋਣ ਕਰ ਕੇ ਹਾਲਤ ਹੋਰ ਗੰਭੀਰ ਹੋ ਗਈ । ਚੌਲ ਮਿੱਲ ਮਾਲਕਾਂ ਦਾ ਦਾਅਵਾ ਸੀ ਕਿ ਪੀ ਆਰ 126 ਕਿਸਮ ਦਾ ਚੌਲ ਅਨੁਪਾਤ (ਓ ਵੀ ਆਰ) ਘੱਟ ਹੈ ਅਤੇ ਇਸ ਦਾ ਔਸਤ ਟੋਟਾ ਜ਼ਿਆਦਾ ਨਿਕਲਦਾ ਹੈ । ਇਸ ਕਰ ਕੇ ਉਨ੍ਹਾਂ ਵੀ ਹੜਤਾਲ ਕਰ ਦਿੱਤੀ ।

ਇੰਝ, ਪੰਜਾਬ ਵਿਚ ਅਫਰਾ-ਤਫਰੀ ਦੀ ਸਥਿਤੀ ਬਣ ਗਈ ਜਿਸ ਲਈ ਕਿਸਾਨ ਅਤੇ ਆੜ੍ਹਤੀਏ ਰਾਜ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ; ਰਾਜ ਤੇ ਕੇਂਦਰ ਸਰਕਾਰਾਂ ਇਸ ਦਾ ਠੀਕਰਾ ਇਕ ਦੂਜੇ 'ਤੇ ਭੰਨ ਰਹੀਆਂ ਹਨ; ਥਾਂ ਥਾਂ ਆਵਾਜਾਈ ਠੱਪ ਹੋਣ ਕਰ ਕੇ ਆਮ ਲੋਕਾਂ ਨੂੰ ਖਮਿਆਜ਼ਾ ਭੁਗਤਣਾ ਪਿਆ ਹੈ । ਜੇ ਸਰਕਾਰਾਂ ਅਤੇ ਸਬੰਧਤ ਅਫਸਰਸ਼ਾਹੀ ਨੇ ਸਮੇਂ ਸਿਰ ਲੋੜੀਂਦੇ ਕਦਮ ਚੁੱਕੇ ਹੁੰਦੇ ਤਾਂ ਇਹ ਨੌਬਤ ਨਹੀਂ ਆਉਣੀ ਸੀ । ਰਾਜ ਸਰਕਾਰ ਨੂੰ ਅਨਾਜ ਭੰਡਾਰ ਖਾਲੀ ਕਰਵਾਉਣ ਬਾਬਤ ਕਾਫੀ ਦੇਰ ਪਹਿਲਾਂ ਹੀ ਕੇਦਰ ਸਰਕਾਰ ਕੋਲ ਮੁੱਦਾ ਉਠਾਉਣਾ ਚਾਹੀਦਾ ਸੀ ਕਿਉਂਕਿ ਪਹਿਲਾਂ ਵੀ ਇਹ ਸਮੱਸਿਆ ਆ ਚੁੱਕੀ ਹੈ । ਓ ਟੀ ਆਰ ਤੇ ਪੀ ਆਰ 126 ਦੇ ਜ਼ਿਆਦਾ ਟੋਟੇ ਦਾ ਮੁੱਦਾ ਵੀ ਹੱਲ ਕੀਤੇ ਜਾਣ ਦੀ ਲੋੜ ਹੈ ਕਿਉਂਕਿ ਇਹ ਕਿਸਮ 2016 ਵਿਚ ਜਾਰੀ ਕੀਤੀ ਸੀ; ਅਜੇ ਤੱਕ ਇਸ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਈ । ਜੇ ਸੱਚੀਂ ਕੋਈ ਸਮੱਸਿਆ ਹੈ ਤਾਂ ਠੋਸ ਵਿਗਿਆਨਕ ਮੁਲਾਂਕਣ ਦੇ ਆਧਾਰ 'ਤੇ ਖਰੀਦ ਨਿਯਮਾਂ ਵਿਚ ਢਿੱਲ ਲਈ ਇਸ ਨੂੰ ਤੁਰੰਤ ਕੇਂਦਰ ਖੁਰਾਕ ਮੰਤਰਾਲੇ ਕੋਲ ਚੁੱਕਣਾ ਚਾਹੀਦਾ ਹੈ ।

ਇਸ ਤੋਂ ਪਹਿਲਾਂ 2010 ਵਿਚ ਵੀ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ । ਮਿੱਲ ਅਪਰੇਟਰਾਂ ਨੇ ਪੀ ਏ ਯੂ 201 ਕਿਸਮ ਦੀ ਹੋਰ ਟੁੱਟ-ਭੱਜ ਅਤੇ ਦਾਣਿਆਂ ਦਾ ਰੰਗ ਉਤਰਨ ਕਾਰਨ ਸਿਰੇ ਨੁਕਸਾਨੇ ਜਾਣ ਦੀ ਸ਼ਿਕਾਇਤ ਕੀਤੀ ਸੀ । ਇਹ ਕਿਸਮ 2007 ਵਿਚ ਬਿਜਾਈ ਲਈ ਜਾਰੀ ਕੀਤੀ ਸੀ ਤੇ ਦੋ ਸਾਲਾਂ ਦੇ ਅੰਦਰ ਹੀ ਇਸ ਨੇ ਕੁੱਲ ਰਕਬੇ ਦਾ 25 ਪ੍ਰਤੀਸ਼ਤ ਆਪਣੇ ਅਧੀਨ ਕਰ ਲਿਆ ਕਿਉਂਕਿ ਔਸਤ ਜ਼ਮੀਨ ਤਹਿਤ ਪੈਦਾਵਾਰ ਵੱਧ ਸੀ, ਵਾਤਾਵਰਨ ਵੀ ਸਾਜ਼ਗਾਰ ਸੀ । ਜਦ ਮਿੱਲ ਮਾਲਕਾਂ ਨੇ ਮਿਲਿੰਗ ਬੰਦ ਕਰ ਦਿੱਤੀ ਤਾਂ ਪੰਜਾਬ ਦੇ ਤਤਕਾਲੀ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਉਪਰੋਥਲੀ ਕਈ ਮੀਟਿੰਗਾਂ ਕੀਤੀਆਂ ਸਨ । ਪੰਜਾਬ ਸਰਕਾਰ ਨੇ ਕੇਂਦਰ ਨੂੰ ਇਕ ਵਾਰ ਲਈ ਨੁਕਸਾਨ 'ਤੇ 4.75% (4% ਦੀ ਥਾਂ) ਰਿਆਇਤ ਦੇਣ ਦੀ ਅਪੀਲ ਕੀਤੀ ਤੇ ਟੁੱਟੇ ਦਾਣਿਆਂ ਲਈ 28% ਮੰਗਿਆ (25% ਦੀ ਥਾਂ) । ਕਰੀਬ 15.5 ਲੱਖ ਟਨ ਚੌਲ, ਪੀ ਏ ਯੂ 201 ਤੇ ਹੋਰ ਕਿਸਮਾਂ ਦਾ ਮਿਸ਼ਰਤ ਭੰਡਾਰ ਜੋ ਬਿਨਾਂ ਮਿਲਿੰਗ ਪਿਆ ਸੀ, ਸੋਧ ਕੇ ਪੀ ਡੀ ਐੱਸ ਲਈ ਵਰਤਿਆ ਗਿਆ । ਪੂਸਾ-44 ਦੀ ਓ ਟੀ ਆਰ ਨਾਲ ਸਬੰਧਿਤ ਇਸੇ ਤਰ੍ਹਾਂ ਦਾ ਇਕ ਹੋਰ ਮੁੱਦਾ 1995 ਵਿਚ ਵੀ ਉੱਭਰਿਆ ਸੀ ਜਿਸ ਨੂੰ ਮੈਸੂਰ ਦੀ ਸੀ ਐੱਫ ਟੀ ਆਰ ਆਈ ਨੇ ਪਰਖਿਆ ਸੀ ਅਤੇ 67% ਤੋਂ ਵੱਧ ਹਿੱਸੇ ਦੇ 100 ਫੀਸਦੀ ਨਮੂਨਿਆਂ 'ਚ ਓਟੀਆਰ ਮਿਲਿਆ ।


ਇਸ ਹੋਰ ਖਦਸ਼ਾ ਇਹ ਹੈ ਕਿ ਘੱਟ ਓਟੀਆਰ ਦੀ ਸਮੱਸਿਆ ਸ਼ਾਇਦ ਹਾਈਬ੍ਰਿਡ ਚੌਲਾਂ ਦੀਆਂ ਕਿਸਮਾਂ ਕਾਰਨ ਪੈਦਾ ਹੋਈ ਹੈ । ਵਪਾਰਕ ਤੇ ਬੀਜ ਕੰਪਨੀਆਂ ਹਾਈਬ੍ਰਿਡ ਚੌਲਾਂ ਦ ਬੀਜਾਂ ਨੂੰ ਉਤਸ਼ਾਹਿਤ ਕਰ ਰਹੀਆਂ ਹਨ, ਦਾਅਵਾ ਕੀਤਾ ਜਾਂਦਾ ਹੈ ਕਿ ਇਨ੍ਹਾਂ ਨੂੰ ਪੱਕਣ ਲਈ ਘੱਟ ਪਾਣੀ ਤੇ ਸਮੇਂ ਦੀ ਲੋੜ ਹੈ ਅਤੇ ਪੈਦਾਵਾਰ ਵੱਧੀਆ ਹੈ । ਇਨ੍ਹਾਂ ਹਾਈਬ੍ਰਿਡ ਜਿਣਸਾਂ ਦੇ ਦਾਣੇ ਲੰਮੇ ਹੁੰਦੇ ਹਨ ਤੇ ਬਾਸਮਤੀ 'ਚ ਰਲਾਉਣ ਲਈ ਵੀ ਇਹ ਸੰਭਾਵੀ ਤੌਰ 'ਤੇ ਵਪਾਰਕ ਰੂਪ ਵਿਚ ਆਦਰਸ਼ ਹੁੰਦੇ ਹਨ ਪਰ ਮਿਲਿੰਗ ਦੌਰਾਨ ਇਨ੍ਹਾਂ ਦੀ ਟੁੱਟ-ਭੱਜ ਦੀ ਫੀਸਦੀ ਬਹੁਤ ਜ਼ਿਆਦਾ ਹੁੰਦੀ ਹੈ । ਮਾਹਿਰਾਂ ਦਾ ਕਹਿਣਾ ਹੈ ਕਿ ਸਮਾਂ ਲੰਘਣ ਨਾਲ ਇਹ ਹਾਈਬ੍ਰਿਡ ਹੋਰ ਜ਼ਿਆਦਾ ਟੁੱਟ-ਭੱਜ ਦੇ ਸ਼ਿਕਾਰ ਹੁੰਦੇ ਰਹਿੰਦੇ ਹਨ, ਖਾਸ ਤੌਰ 'ਤੇ ਜੇ ਮਿਲਿੰਗ 31 ਮਾਰਚ ਤੋਂ ਬਾਅਦ ਦੇਰੀ ਨਾਲ ਹੋਵੇ ਜਦ ਤਾਪਮਾਨ ਵਧਣਾ ਸ਼ੁਰੂ ਹੁੰਦਾ ਹੈ ।

ਇਹ ਹਾਈਬ੍ਰਿਡ ਐੱਫ ਸੀ ਆਈ ਖਰੀਦ ਲਈ ਮਨਜ਼ੂਰਸ਼ੁਦਾ ਨਹੀਂ, ਇਸ ਲਈ ਇਨ੍ਹਾਂ ਨੂੰ ਵੱਖਰਾ ਕਰਨਾ ਦੀ ਲੋੜ ਪੈਂਦੀ ਹੈ । ਰਾਜ ਦੇ ਖੇਤੀਬਾੜੀ ਵਿਭਾਗ ਨੂੰ ਬੀਜਾਂ ਲਈ ਲਾਇਸੈਂਸਿੰਗ ਅਥਾਰਿਟੀ ਹੁੰਦਿਆਂ, ਉਤਪਾਦਕ ਕੰਪਨੀਆਂ ਦੇ ਦਾਅਵਿਆਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ ਜਾਂ ਇਨ੍ਹਾਂ ਦੀ ਮੁਲਾਂਕਣ ਕਰਵਾਉਣਾ ਚਾਹੀਦਾ ਹੈ ਤਾਂ ਕਿ ਹੋਰਨਾਂ ਕਿਸਮਾਂ ਨਾਲ ਇਨ੍ਹਾਂ ਦੀ ਮਿਲਾਵਟ ਨੂੰ ਰੋਕਿਆ ਜਾ ਸਕੇ ।

ਝੋਨੇ ਦੀ ਖਰੀਦ ਦਾ ਸੰਕਟ ਢੁੱਕਵੀਂ ਤੇ ਟਿਕਾਊ ਯੋਜਨਾਬੰਦੀ ਦੀ ਘਾਟ ਵਿੱਚੋਂ ਉਪਜਿਆ ਹੈ । ਸਾਰਾ ਸਾਜ਼ੋ-ਸਮਾਨ, ਪ੍ਰਬੰਧਕੀ ਸਾਧਨਾਂ ਤੇ ਤਕਨੀਕੀ ਮੁਹਾਰਤ ਹੋਣ ਦੇ ਬਾਵਜੂਦ ਅਜੇ ਤੱਕ ਸਮੱਸਿਆ ਆਖਿਰ ਕਿਉਂ ਆ ਰਹੀ ਹੈ ? ਇਸ ਗੰਭੀਰ ਮੁੱਦੇ ਪ੍ਰਤੀ ਮੁਕੰਮਲ ਪਹੁੰਚ ਅਪਨਾਉਣੀ ਜ਼ਰੂਰੀ ਹੈ । ਸਾਰੇ ਹਿੱਤ ਧਾਰਕਾਂ ਦੇ ਸਲਾਹ-ਮਸ਼ਵਰੇ ਨਾਲ ਉਨ੍ਹਾਂ ਨੂੰ ਬਿਹਤਰ ਸੇਵਾਵਾਂ ਦੇਣ ਖਾਤਰ ਝੋਨੇ ਦੀ ਮੰਡੀਕਰਨ ਲੜੀ ਨੂੰ ਵੀ ਨਵਿਆਉਣਾ ਪਏਗਾ । ਸਾਨੂੰ ਅਜਿਹਾ ਢਾਂਚਾ ਬਣਾਉਣਾ ਚਾਹੀਦਾ ਹੈ ਜੋ ਹਿੱਤ ਧਾਰਕਾਂ ਨੂੰ ਜਿਣਸ, ਸਾਧਨਾਂ ਤੇ ਤਕਨੀਕੀ ਮਾਮਲਿਆਂ ਦੇ ਪੱਖ ਤੋਂ ਸਹੀ ਫੈਸਲੇ ਕਰਨ ਦੇ ਯੋਗ ਬਣਾਏ । ਸਿਆਸੀ ਊਰਜਾ ਨੂੰ ਬਿਹਤਰੀ 'ਤੇ ਕੇਂਦਰਤ ਕਰਕੇ ਅਸੀਂ ਤਰੱਕੀ ਦੇ ਰਾਹ ਪੈ ਸਕਦੇ ਹਾਂ ।

- ਡਾ. ਬਲਵਿੰਦਰ ਸਿੰਘ ਸਿੱਧੂ

# ਕਣਕ ਦਾ ਵਧੇਰੇ ਝਾੜ ਲੈਣ ਲਈ ਕੁਝ ਸਿਫਾਰਿਸ਼ਾਂ



ਭਗਵਾਨ ਦਾਸ

ਉਂਝ ਦਾ ਸਮੇਂ ਸਿਰ ਬੀਜੀਆਂ ਜਾਣ ਵਾਲੀਆਂ ਕਣਕ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦੀ ਬਿਜਾਈ ਦਾ ਢੁਕਵਾਂ ਸਮਾਂ ਨਵੰਬਰ ਦਾ ਪਹਿਲਾ ਪੰਦਰਵਾੜਾ ਹੈ ਪਰ ਅਗੇਤੀਆਂ ਕਿਸਮਾਂ ਡਬਲਿਊ. ਐਚ-1105, ਐਚ ਡੀ-3226, ਐਚ ਡੀ-2967 ਆਦਿ ਜੋ ਪੱਕਣ ਨੂੰ ਮੁਕਾਬਲਤਨ ਵੱਧ ਸਮਾਂ ਲੈਂਦੀਆਂ ਹਨ, ਦੀ ਬਿਜਾਈ ਅੱਜਕੱਲ ਅਕਤੂਬਰ 'ਚ ਕਰਨ ਦੀ



ਸਿਫਾਰਸ਼ ਕੀਤੀ ਗਈ ਹੈ। ਉਂਝ ਕਿਸਾਨ ਇਸ ਸਾਲ ਝੋਨੇ ਦੇ ਮੰਡੀਕਰਨ ਤੋਂ ਵੀ ਫਾਰਗ ਨਹੀਂ ਹੋ ਸਕੇ । ਉਹ ਆਪਣੀ ਝੋਨੇ ਦੀ ਫਸਲ ਵੇਚਣ ਲਈ ਇਕ ਮੰਡੀ ਤੋਂ ਦੂਜੀ ਮੰਡੀ ਅਤੇ ਇੱਥੋਂ ਤੱਕ ਕਿ ਸਰਹੱਦੀ ਇਲਾਕੇ ਦੇ ਕਿਸਾਨ ਹਰਿਆਣਾ ਤੱਕ ਫਸਲ ਵੇਚਣ ਲਈ ਖੱਜਲ-ਖੁਆਰ ਹੋ ਰਹੇ ਹਨ। ਸੰਭਵ ਹੈ ਕਿ ਇਸ ਸਾਲ ਕਣਕ ਦੀ ਬਿਜਾਈ ਕੁਝ ਦੇਰ ਨਾਲ ਕੀਤੀ ਜਾਵੇ । ਸਮੇਂ ਤੋਂ ਦੇਰੀ ਨਾਲ ਬਿਜਾਈ ਹੋਣ ਨਾਲ ਝਾੜ ਘਟਦਾ ਹੈ ।

ਕਣਕ ਪੰਜਾਬ ਅਤੇ ਭਾਰਤ ਦੀ ਹਾੜ੍ਹੀ ਦੀ ਮੁੱਖ ਫਸਲ ਹੈ । ਚੀਨ ਤੋਂ ਬਾਅਦ ਭਾਰਤ ਵਿਸ਼ਵ ਦਾ ਦੂਜਾ ਵੱਡਾ ਉਤਪਾਦਕ ਹੈ ਅਤੇ ਪੰਜਾਬ 170-180 ਲੱਖ ਟਨ ਤੱਕ ਕਣਕ ਪੈਦਾ ਕਰਦਾ ਹੈ। ਪਿਛਲੇ ਸਾਲ 2023-24 'ਚ ਪੰਜਾਬ 'ਚ 35.08 ਲੱਖ ਹੈਕਟੇਅਰ (ਤਕਰੀਬਨ 3.5 ਮਿਲੀਅਨ) ਅਤੇ ਭਾਰਤ 'ਚ 31.23 ਮਿਲੀਅਨ ਹੈਕਟੇਅਰ ਰਕਬੇ 'ਤੇ ਕਣਕ ਦੀ ਕਾਸ਼ਤ ਕੀਤੀ ਗਈ ਸੀ । ਪੈਦਾਵਾਰ ਪੰਜਾਬ 'ਚ 18 ਮਿਲੀਅਨ ਟਨ ਅਤੇ ਭਾਰਤ 'ਚ 112.92 ਮਿਲੀਅਨ ਟਨ ਹੋਈ । ਇਹ ਉਤਪਾਦਨ ਦੋਵੇਂ ਥਾਵਾਂ 'ਤੇ ਪਿਛਲੇ ਸਾਲ 2022-23 'ਚ ਹੋਏ ਉਤਪਾਦਨ ਨਾਲੋਂ ਵੱਧ ਸੀ, ਉਦੋਂ ਪੰਜਾਬ 'ਚ ਪੈਦਾਵਾਰ ਲਗਭਗ 17 ਮਿਲੀਅਨ ਟਨ ਅਤੇ ਭਾਰਤ 'ਚ 110.55 ਮਿਲੀਅਨ ਟਨ ਹੋਈ ਸੀ । ਇੰਡੀਅਨ ਇੰਸਟੀਚਿਊਟ ਆਫ ਵ੍ਹੀਟ ਐਂਡ ਬਾਰਲੇ (ਆਈ.ਆਈ. ਡਬਲਿਊ.ਬੀ.ਆਰ) ਦੇ ਡਾਇਰੈਕਟਰ ਡਾ. ਰਤਨ ਤਿਵਾੜੀ ਅਨੁਸਾਰ ਇਸ ਸਾਲ (2024-25) 'ਚ ਕਣਕ ਉਤਪਾਦਨ ਦਾ ਟੀਚਾ 115 ਮਿਲੀਅਨ ਟਨ 'ਤੇ ਰੱਖਿਆ ਗਿਆ ਹੈ । ਪੰਜਾਬ 'ਚ ਸਾਲ 2000 ਤੋਂ ਵੀ ਪਹਿਲਾਂ ਤੋਂ 35 ਕੁ ਲੱਖ ਹੈਕਟੇਅਰ ਰਕਬੇ 'ਤੇ ਕਣਕ ਦੀ ਕਾਸ਼ਤ ਕੀਤੀ ਜਾ ਰਹੀ ਹੈ, ਜਦੋਂ ਕਿ ਹੁਣ ਵੀ ਓਨਾ ਕੁ ਹੀ ਰਕਬਾ ਹੈ । ਹਾਲਾਂਕਿ ਉਤਪਾਦਨ 'ਚ ਪ੍ਰਭਾਵਸ਼ਾਲੀ ਵਾਧਾ ਹੋਇਆ ਹੈ। ਕਣਕ ਦੀ ਇਸ ਸ਼ਾਨਦਾਰ ਉਪਲੱਬਧੀ ਦਾ ਮਾਣ ਖੇਤੀ ਵਿਗਿਆਨੀਆਂ ਅਤੇ ਮਿਹਨਤੀ ਕਿਸਾਨਾਂ ਨੂੰ ਜਾਂਦਾ ਹੈ। ਕਣਕ ਭਾਰਤ ਦੇ 19 ਰਾਜਾਂ 'ਚ ਪੈਦਾ ਹੁੰਦੀ ਹੈ, ਜਿਨ੍ਹਾਂ 'ਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਰਾਜ ਹਨ । ਕੇਂਦਰੀ ਅੰਨ ਭੰਡਾਰ 'ਚ ਵੀ ਇਨ੍ਹਾਂ ਹੀ ਰਾਜਾਂ ਦਾ ਮੁੱਖ ਯੋਗਦਾਨ ਹੈ ।

ਪਹਿਲੇ ਸਾਲਾਂ 'ਚ ਤਾਂ ਕਿਸਾਨ ਇਨ੍ਹਾਂ ਦਿਨਾਂ 'ਚ ਹੀ ਕਣਕ ਦੀ ਬਿਜਾਈ ਸੰਬੰਧੀ ਯੋਜਨਾਬੰਦੀ ਕਰ ਲੈਂਦੇ ਸਨ ਅਤੇ ਕਿਸਮਾਂ ਦੀ ਚੋਣ ਕਰਕੇ ਕਿਸਾਨਾਂ ਦੀ ਗਿਣਤੀ ਯੋਗ ਕਿਸਮ ਦੇ ਬੀਜਾਂ ਦਾ ਪ੍ਰਬੰਧ ਕਰ ਲੈਂਦੀ ਸੀ ਪਰ ਇਸ ਸਾਲ ਝੋਨੇ ਦੇ ਮੰਡੀਕਰਨ 'ਚ ਸਮੱਸਿਆਵਾਂ ਆਉਣ ਕਾਰਨ ਇਸ ਸੰਬੰਧੀ ਦੇਰ ਹੋ ਗਈ ਹੈ। ਕਿਸਮ ਦੀ ਯੋਗ ਚੋਣ ਉਤਪਾਦਕਤਾ ਵਧਾਉਣ 'ਚ ਅਹਿਮ ਰੋਲ ਅਦਾ ਕਰਦੀ ਹੈ । ਇਸ ਸਾਲ ਕਣਕ ਦੀਆਂ ਕਿਸਮਾਂ ਦੀ ਭਰਮਾਰ ਹੈ, ਜਿਸ ਕਾਰਨ ਕਿਸਾਨ ਭੰਬਲਭੂਸੇ 'ਚ ਹਨ ਕਿ ਉਹ ਕਿਹੜੀ ਕਿਸਮ ਚੁਣਨ । ਪੀ.ਏ.ਯੂ., ਆਈ.ਏ.ਆਰ.ਆਈ., ਆਈ.ਆਈ.ਡਬਲਿਊ. ਬੀ. ਆਰ. ਅਤੇ ਐਚ. ਏ. ਯੂ. ਵਲੋਂ ਵਿਕਸਿਤ ਕੀਤੀਆਂ ਗਈਆਂ ਕਿਸਮਾਂ 'ਚੋਂ ਹੀ ਕਿਸਾਨ ਚੁਣਦੇ ਹਨ। ਪੀ.ਬੀ.ਡਬਲਯੂ-826, ਡੀ.ਬੀ.ਡਬਲਯੂ-370, ਡੀ.ਬੀ.ਡਬਲਯੂ-371, ਡੀ.ਬੀ.ਡਬਲਯੂ-372, ਡੀ.ਬੀ.ਡਬਲਯੂ-303, ਡੀ.ਬੀ.ਡਬਲਯੂ-222, ਡੀ.ਬੀ.ਡਬਲਯੂ-187, ਐਚ.ਡੀ.-3386, ਐਚ.ਡੀ.-3406 ਅਤੇ ਡਬਲਯੂ- ਐਚ.-1105 ਆਦਿ ਵਧੇਰੇ ਝਾੜ ਦੇਣ ਵਾਲੀਆਂ ਕੁੱਝ ਕਿਸਮਾਂ ਹਨ, ਜੋ ਕਿਸਾਨਾਂ ਦੀ ਪਸੰਦ ਬਣੀਆਂ। ਕਿਸਾਨ ਆਪਣੀ ਜ਼ਮੀਨ ਅਤੇ ਪਿਛਲੀਆਂ ਅਜ਼ਮਾਇਸ਼ਾਂ ਦੇ ਆਧਾਰ 'ਤੇ ਕਿਸਮ ਦੀ ਚੋਣ ਕਰਦੇ ਹਨ । ਅਗਾਂਹਵਧੂ ਕਿਸਾਨ ਇਕ ਤੋਂ ਵੱਧ ਕਿਸਮ ਦੀ ਚੋਣ ਕਰਨ ਦਾ ਉਪਰਾਲਾ ਕਰਦੇ ਹਨ ; ਕਿਉਂਕਿ ਇਸ ਨਾਲ ਜੋਖਮ ਘੱਟ ਜਾਂਦਾ ਹੈ । ਜੇਕਰ ਇਕ ਕਿਸਮ ਨੂੰ ਬਿਮਾਰੀ ਆ ਜਾਵੇ ਤਾਂ ਦੂਜੀ ਕਿਸਮ ਦਾ ਬਚਾਅ ਹੋਣ ਦੀ ਸੰਭਾਵਨਾ ਹੁੰਦੀ ਹੈ । ਫਸਲਾਂ ਦਾ ਵਧੀਆ ਪ੍ਰਬੰਧਨ ਜਿਵੇਂ ਸਮੇਂ ਸਿਰ ਬਿਜਾਈ, ਬੀਜ ਦੀ ਮਾਤਰਾ, ਸਮੇਂ ਸਿਰ ਰਸਾਇਣਕ ਖਾਦਾਂ ਦਾ ਪਾਉਣਾ, ਸਿੰਜਾਈ ਕਰਨੀ ਅਤੇ ਨਦੀਨਾਂ 'ਤੇ ਸਮੇਂ ਸਿਰ ਕਾਬੂ ਪਾਉਣਾ ਆਦਿ ਉਤਪਾਦਕਤਾ ਵਧਾਉਣ 'ਚ ਸਹਾਈ ਹੁੰਦੇ ਹਨ । ਖਰਚਾ ਘਟਾਉਣ ਲਈ ਜ਼ੀਰੋ ਟਿੱਲ ਤਕਨੀਕ (ਬਿਨਾਂ ਵਾਹੀ ਬਿਜਾਈ) ਦੀ ਸਿਫਾਰਸ਼ ਕੀਤੀ ਗਈ ਹੈ, ਪ੍ਰੰਤੂ ਜੇ ਖੇਤ 'ਚ ਨਦੀਨਾਂ ਦੀ ਬਹੁਤ ਸਮੱਸਿਆ ਨਾ ਹੋਵੇ । ਜ਼ੀਰੋ ਟਿੱਲ ਤਕਨੀਕ ਨਾਲ ਸਮੇਂ ਦੀ ਬੱਚਤ ਹੁੰਦੀ ਹੈ, ਵਾਯੂ ਮੰਡਲ ਦਾ ਪ੍ਰਦੂਸ਼ਣ ਘਟਦਾ ਹੈ, ਗੁੱਲੀ ਡੰਡੇ ਦੀ ਸਮੱਸਿਆ ਘੱਟ ਆਉਂਦੀ ਹੈ ਅਤੇ ਸਿੰਜਾਈ ਦੇ ਪਾਣੀ ਦੀ ਵੀ ਬੱਚਤ ਹੁੰਦੀ ਹੈ। ਪ੍ਰੰਤੂ ਤਿੰਨ ਸਾਲ ਲਗਾਤਾਰ 'ਜ਼ੀਰੋ ਟਿੱਲ' ਨਾਲ ਫਸਲ ਬੀਜਣ ਤੋਂ ਬਾਅਦ ਜ਼ਮੀਨ ਨੂੰ ਵਾਹੁਣਾ ਪੈਂਦਾ ਹੈ। ਇਸ ਨਾਲ ਬਹੁ-ਨਦੀਨਾਂ ਅਤੇ ਚੂਹਿਆਂ ਦੇ ਵਧਣ ਦੀ ਭਵਿੱਖ 'ਚ ਹੋਣ ਵਾਲੀ ਸਮੱਸਿਆ ਤੋਂ ਨਿਜਾਤ ਮਿਲਦੀ ਹੈ। ਹੈਪੀ ਸੀਡਰ ਨਾਲ ਵੀ ਬਿਜਾਈ ਕੀਤਿਆਂ ਖਰਚਾ ਘੱਟ ਆਉਂਦਾ ਹੈ । ਇਹ ਮਸ਼ੀਨ ਝੋਨੇ ਦੀ ਪਰਾਲੀ ਨੂੰ ਕਣਕ ਦੇ ਸਿਆੜਾਂ ਵਿਚਕਾਰ ਇਕਸਾਰ ਮਲਚ ਦੇ ਰੂਪ 'ਚ ਵਿਛਾਉਣ ਉਪਰੰਤ ਦਬਾਅ ਦਿੰਦੀ ਹੈ । ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਲਈ ਹੈਪੀ ਸੀਡਰ ਅਤੇ ਸੁਪਰਸੀਡਰ ਦੀ ਵਰਤੋਂ ਕਾਰਆਮਦ ਹੈ।

ਵਧੇਰੇ ਝਾੜ ਲੈਣ ਲਈ ਸਾਧਾਰਨ ਸਮੇਂ 1 ਤੋਂ 15 ਨਵੰਬਰ ਦੇ ਦੌਰਾਨ ਬਿਜਾਈ ਕੀਤੇ ਜਾਣ ਦੀ ਸਿਫਾਰਸ਼ ਕੀਤੀ ਗਈ ਹੈ । ਵਧੀਆ ਉਤਪਾਦਨ ਲਈ ਜ਼ਮੀਨ ਦੀ ਸਿਹਤ ਨੂੰ ਬਰਕਰਾਰ ਰੱਖਣਾ ਜ਼ਰੂਰੀ ਹੁੰਦਾ ਹੈ। ਇਸ ਲਈ ਖਾਦਾਂ ਦੀ ਯੋਗ ਵਰਤੋਂ ਕਰਨੀ ਚਾਹੀਦੀ ਹੈ। ਆਮ ਜ਼ਮੀਨਾਂ 'ਚ ਯੂਰੀਆ 110 ਕਿੱਲੋ, ਡੀ.ਏ.ਪੀ. 55 ਕਿੱਲੋ ਜਾਂ ਸੁਪਰਫਾਸਫੇਟ 155 ਕਿੱਲੋ ਪਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਪੋਟਾਸ਼ ਤੱਤ ਦੀ ਘਾਟ ਵਾਲੀਆਂ ਜ਼ਮੀਨਾਂ 'ਚ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ । ਗੁਰਦਾਸਪੁਰ, ਹੁਸ਼ਿਆਰਪੁਰ, ਰੋਪੜ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ 'ਚ ਮਿਊਰੇਟ ਆਫ ਪੋਟਾਸ਼ ਦੀ ਮਿਕਦਾਰ ਦੁੱਗਣੀ ਕਰ ਦੇਣੀ ਚਾਹੀਦੀ ਹੈ। ਕਿਸਾਨਾਂ ਨੂੰ ਨਿੰਮ-ਲਿਪਤ ਯੂਰੀਆ ਵਰਤਣਾ ਚਾਹੀਦਾ ਹੈ। ਜੇ ਕਣਕ ਦੇਰੀ ਨਾਲ ਬੀਜੀ ਜਾਵੇ ਤਾਂ ਉਸ ਨੂੰ ਸਮੇਂ 'ਤੇ ਬੀਜੀ ਕਣਕ ਤੋਂ 25 ਫੀਸਦੀ ਨਾਈਟ੍ਰੋਜਨ ਘੱਟ ਦੇਣੀ ਚਾਹੀਦੀ ਹੈ । ਸਾਉਣੀ ਦੀਆਂ ਫਸਲਾਂ ਨਾਲੋਂ ਕਣਕ ਦੀ ਫਸਲ ਫਾਸਫੋਰਸ ਖਾਦ ਵਧੇਰੇ ਮੰਗਦੀ ਹੈ। ਕਣਕ ਦੀ ਡੀ.ਏ.ਪੀ. ਖਾਦ ਦੀ ਵਰਤੋਂ ਦੀ ਵਿਸ਼ੇਸ਼ ਮਹੱਤਤਾ ਹੈ । ਡੀ.ਏ.ਪੀ. ਖਾਦ ਬਿਜਾਈ ਵੇਲੇ ਹੀ ਵਰਤੀ ਜਾਂਦੀ ਹੈ । ਇਸ ਸਾਲ ਜੋ ਡੀ.ਏ.ਪੀ. ਖਾਦ ਦੀ ਘਾਟ ਆਈ ਹੈ, ਉਸ ਨਾਲ ਕਣਕ ਦੀ ਉਤਪਾਦਕਤਾ ਤੇ ਬਿਜਾਈ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਕਿਸਾਨ ਤਾਂ ਤਿੰਨ-ਤਿੰਨ, ਚਾਰ-ਚਾਰ ਥੈਲੇ 50 ਕਿਲੋ ਦਾ ਇਕ ਥੈਲਾ + 5 ਕਿਲੋ, ਦੀ ਬਜਾਏ ਕਣਕ 'ਚ ਡੀ.ਏ.ਪੀ. ਪਾਈ ਜਾਂਦੇ ਹਨ, ਜਿਸ ਕਾਰਨ ਡੀ.ਏ.ਪੀ. ਦੀ ਲੋੜ ਅਤੇ ਖਪਤ ਹੋਰ ਵੀ ਵੱਧ ਜਾਂਦੀ ਹੈ । ਲਗਭਗ 5.5 ਲੱਖ ਮੀਟ੍ਰਿਕ ਟਨ ਡੀ.ਏ.ਪੀ. ਹਾੜ੍ਹੀ 'ਚ ਲੋੜੀਂਦੀ ਹੈ। ਹੁਣ ਤੱਕ ਇਸ ਦੀ ਉਪਲੱਬਧਤਾ ਬਹੁਤ ਘੱਟ ਹੈ ? ਚੋਣਾਂ ਤੋਂ ਪਹਿਲਾਂ ਤਾਂ ਹਰਿਆਣਾ 'ਚ ਡੀ.ਏ.ਪੀ. ਬਹੁਤਾਤ 'ਚ ਆਉਂਦੀ ਰਹੀ, ਜਿਸ ਵਿਚੋਂ ਕੁਝ ਹਿੱਸਾ ਪੰਜਾਬ 'ਚ ਆ ਜਾਂਦਾ ਸੀ, ਜਿਹੜਾ ਕੁਝ ਵੱਡੇ-ਵੱਡੇ ਕਿਸਾਨਾਂ ਨੇ ਲਿਆ ਕੇ ਸਟੋਰ ਕਰ ਲਿਆ । ਹੁਣ ਸਥਿਤੀ ਪੰਜਾਬ 'ਚ ਤਾਂ ਹੋਰ ਵੀ ਗੰਭੀਰ ਹੋ ਗਈ ਹੈ। ਜੇ ਡੀ.ਏ.ਪੀ. ਦੀ ਕਮੀ 'ਤੇ ਕਾਬੂ ਨਾ ਪਾਇਆ ਗਿਆ ਅਤੇ ਕੇਂਦਰ ਨੇ ਪੰਜਾਬ ਦੀ ਮੰਗ ਪੂਰੀ ਨਾ ਕੀਤੀ ਤਾਂ ਇਸ ਨਾਲ ਕਿਸਾਨਾਂ ਦੀ ਮਾਲੀ ਹਾਲਤ ਝਾੜ ਘਟਣ ਕਰਕੇ ਹੋਰ ਖਰਾਬ ਹੋ ਜਾਵੇਗੀ ਅਤੇ ਕਣਕ ਦਾ ਘੱਟ ਉਤਪਾਦਨ ਹੋਣ ਨਾਲ ਕੇਂਦਰੀ ਅੰਨ ਭੰਡਾਰ 'ਚ ਇਸ ਦੀ ਸਪਲਾਈ ਘਟੇਗੀ ।

ਗੁੱਲੀ ਡੰਡਾ ਕਈ ਥਾਵਾਂ 'ਤੇ 50 ਪ੍ਰਤੀਸ਼ਤ ਤੱਕ ਉਤਪਾਦਕਤਾ ਨੂੰ ਪ੍ਰਭਾਵਿਤ



ਕਰਦਾ ਹੈ, ਜਿਸ 'ਤੇ ਕਿਸਾਨਾਂ ਨੂੰ ਸਹੀ ਪ੍ਰਭਾਵਸ਼ਾਲੀ ਨਦੀਨ ਨਾਸ਼ਕ ਦੀ ਚੋਣ ਕਰ ਕੇ ਅਤੇ ਇਸ ਦਾ ਛਿੜਕਾਅ ਸਹੀ ਵਿਧੀ ਤੇ ਸਮੇਂ ਸਿਰ ਕਰ ਕੇ ਕਾਬੂ ਪਾ ਲੈਣਾ ਚਾਹੀਦਾ ਹੈ, ਤਾਂ ਜੋ ਪੰਜਾਬ ਦਾ ਦਰਜਾ ਕਣਕ ਉਤਪਾਦਨ 'ਚ ਹੋਰ ਨਾ ਘਟੇ । ਕਿਸੇ ਵੇਲੇ ਇਸ ਪੱਖੋਂ ਪੰਜਾਬ ਦਾ ਦਰਜਾ ਸਿਖਰ 'ਤੇ ਹੁੰਦਾ ਸੀ, ਜੋ ਹੁਣ ਕਾਫੀ ਥੱਲੇ ਆ ਗਿਆ ਹੈ ।

ਪ੍ਰੇਰਣਾਸਰੋਤ

## ਕੈਦੂਪੁਰ ਦੇ ਕਿਸਾਨ ਹੁਸ਼ਿਆਰ ਸਿੰਘ ਨੇ 20 ਸਾਲਾਂ ਤੋਂ ਨਹੀਂ ਲਾਈ ਝੋਨੇ ਦੇ ਨਾੜ ਨੂੰ ਅੱਗ

ਪਟਿਆਲਾ ਦਿਹਾਤੀ ਹਲਕੇ ਦੇ ਪਿੰਡ ਕੈਦੂਪੁਰ ਦੇ ਅਗਾਂਹਵਧੂ ਕਿਸਾਨ ਹੁਸ਼ਿਆਰ ਸਿੰਘ ਖੱਟੜਾ ਨੇ ਪਿਛਲੇ 20 ਸਾਲਾਂ ਤੋਂ ਕਦੇ ਵੀ ਆਪਣੇ ਖੇਤਾਂ 'ਚ ਝੋਨੇ ਦੇ ਨਾੜ੍ਹ ਨੂੰ ਅੱਗ ਨਹੀਂ ਲਾਈ । ਰਵਾਇਤੀ ਖੇਤੀ ਦੇ ਉਲਟ ਸੂਰਜਮੁਖੀ, ਮੱਕੀ ਤੇ ਆਲੂ ਦੀ ਵੱਡੇ ਪੱਧਰ 'ਤੇ ਕਾਸ਼ਤ ਕਰ ਕੇ ਇਲਾਕੇ 'ਚ ਚੰਗਾ ਨਾਮਣਾ ਖੱਟ ਰਹੇ ਹਨ ਅਤੇ ਖੇਤੀ ਨੂੰ ਲਾਹੇਵੰਦ ਵਜੋਂ ਅਪਣਾਇਆ ਹੋਇਆ ਹੈ ।

ਇੰਨਾ ਹੀ ਨਹੀਂ, ਮਨਦੀਪ ਸਿੰਘ ਹੈਪੀ ਕੈਦੂਪੁਰ ਵੀ ਆਪਣੇ ਪਿਤਾ ਹੁਸ਼ਿਆਰ ਸਿੰਘ ਕੈਦੂਪੁਰ ਦੇ ਨਕਸ਼ੇ ਕਦਮਾਂ 'ਤੇ ਚਲਦੇ ਹੋਏ ਝੋਨੇ ਅਤੇ ਕਣਕ ਦੇ ਰਕਬੇ ਨੂੰ ਘਟਾ ਕੇ ਹਮੇਸ਼ਾ ਬਦਲਵੀਆਂ ਫਸਲਾਂ ਬੀਜ ਕੇ ਲਾਹਾ ਖੱਟ ਰਹੇ ਹਨ । ਇਹ ਕਿਸਾਨ ਪਰਿਵਾਰ ਇਲਾਕੇ 'ਚ ਹੋਰਨਾਂ ਕਿਸਾਨਾਂ ਲਈ ਵੀ ਪ੍ਰੇਰਣਾ ਸਰੋਤ ਬਣਿਆ ਹੋਇਆ ਹੈ ।

ਹੈਰਾਨੀ ਦੀ ਗੱਲ ਤਾਂ ਇਹ ਇਸ ਸਬੰਧੀ ਖੇਤੀਬਾੜੀ ਵਿਭਾਗ ਤੇ ਸਿਵਲ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਸਾਰ ਲੈਣ ਲਈ ਨਹੀਂ ਆਇਆ । ਹੁਣ ਵੀ ਡਿਪਟੀ ਕਮਿਸ਼ਨਰ ਪਟਿਆਲਾ ਨੇ ਖੁਦ ਫੋਨ ਕਰ ਕੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਦੀ ਅਪੀਲ ਕਰਨ ਦਾ ਦਾਅਵਾ ਕੀਤਾ ਹੈ । ਇਸ ਦੇ ਉਲਟ ਜੇਕਰ ਪਿਛਲੇ ਲੰਮੇ ਸਮੇਂ ਤੋਂ ਪਰਾਲੀ ਨੂੰ ਅੱਗ ਨਾ ਲਾਉਣ ਵਾਲੇ ਕਿਸਾਨਾਂ ਦੀ ਸਾਰ ਨਹੀਂ ਲਈ ਜਾਂਦਾ ਹੈ ਤਾਂ ਇਹ ਸਿਰਫ ਤੇ ਸਿਰਫ ਦਿਖਾਵੇ ਤੋਂ ਇਲਾਵਾ ਹੋਰ ਵੀ ਨਹੀਂ ਹੈ ।

ਜ਼ਿਕਰਯੋਗ ਹੈ ਕਿ ਇਹ ਅਗਾਂਹਵਧੂ ਕਿਸਾਨ ਪਰਿਵਾਰ ਦੇ ਖੇਤ 'ਚ ਹੁਣ ਵੀ ਹਾਰਵੈਸਟਰ ਚੱਲਣ ਦੇ ਨਾਲ-ਨਾਲ ਪਰਾਲੀ ਦਾ ਕਚਰਾ ਕਰ ਕੇ ਰੋਟਾਵੇਟਰ ਰਾਹੀਂ ਜ਼ਮੀਨ 'ਚ ਰਲਾਉਣ ਤੋਂ ਇਲਾਵਾ ਮਿੱਟੀ ਪਲਟਰ ਰਾਹੀਂ ਪਰਾਲੀ ਦੇ ਉਪਰਲੇ ਪਾਸੇ ਨੂੰ ਧਰਤੀ 'ਚ ਮਿਕਸ ਕੀਤਾ ਜਾ ਰਿਹਾ ਹੈ ਤਾਂ ਜੋ ਭਵਿੱਖ 'ਚ ਇਹੀ ਕਚਰਾ ਖਾਦ ਦੇ ਰੂਪ ਵਿਚ ਫਸਲਾਂ ਨੂੰ ਤਾਕਤ ਪ੍ਰਦਾਨ ਕਰੇਗਾ ਅਤੇ ਧਰਤੀ ਵਿਚਲੇ ਮਿੱਤਰ ਕੀੜ੍ਹਿਆਂ ਨੂੰ ਵੀ ਜਿਊਂਦਾ ਰੱਖਿਆ ਜਾ ਸਕੇ ।

ਇਸ ਸਬੰਧੀ ਗੱਲਬਾਤ ਕਰਦਿਆਂ ਹੁਸ਼ਿਆਰ ਸਿੰਘ ਕੈਦੂਪੁਰ ਅਤੇ ਮਨਦੀਪ ਸਿੰਘ ਹੈਪੀ ਨੇ ਦੱਸਿਆ ਕਿ ਛੋਟੇ ਕਿਸਾਨ ਵੀ ਅਜਿਹੇ ਤਰੀਕੇ ਨਾਲ ਖੇਤੀ ਕਰਨ ਤਾਂ ਜੋ ਘੱਟ ਖਰਚਿਆਂ 'ਚ ਵੱਧ ਆਮਦਨ ਪ੍ਰਾਪਤ ਕੀਤੀ ਜਾ ਸਕੇ । ਕਿਉਂਕਿ ਰਹਿੰਦ-ਖੂੰਹਦ ਨੂੰ ਜੇਕਰ ਆਪਾਂ ਧਰਤੀ 'ਚ ਮਿਲਾਉਂਦੇ ਹਾਂ ਤਾਂ ਉਸ ਲਈ ਫਸਲਾਂ ਦੀ ਪੈਦਾਵਾਰ ਕਰਨ ਲਈ ਪਾਏ ਜਾਂਦੇ ਯੂਰੀਆ, ਡਾਈ ਤੇ ਹੋਰ ਕੀੜ੍ਹੇਮਾਰ ਦਵਾਈਆਂ ਪਾਉਣ ਦੀ ਜ਼ਰੂਰਤ ਘੱਟ ਜਾਂਦੀ ਹੈ, ਜਿਸ ਨਾਲ ਕਿਸਾਨ ਦਾ ਸਿੱਧੇ ਤੌਰ 'ਤੇ ਫਾਇਦਾ ਹੁੰਦਾ ਹੈ ।


ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੋਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
Excellence in Agri info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

# ਦੇਸੀ ਛੋਲਿਆਂ ਦੀ ਸਫਲ ਕਾਸ਼ਤ ਕਿਵੇਂ ਕਰੀਏ

**ਛੋਲੇ ਹਾੜ੍ਹੀ ਦੀਆਂ ਦਾਲਾਂ ਦੀ ਮਹੱਤਵਪੂਰਨ ਫਸਲ ਹੈ । ਇਸ ਫਸਲ ਦੀ ਕਾਸ਼ਤ ਘੱਟ ਬਾਰਸ਼ ਵਾਲੇ ਇਲਾਕਿਆਂ ਦੇ ਅਨੁਕੂਲ ਹੈ ਪਰ ਇਹ ਸੇਂਜੂ ਹਾਲਤਾਂ ਵਿਚ ਵੀ ਫਸਲ ਤੋਂ ਚੰਗਾ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ । ਦੇਸੀ ਛੋਲਿਆਂ ਦੀ ਫਸਲ ਤੋਂ ਚੰਗਾ ਝਾੜ ਲੈਣ ਲਈ ਹੇਠ ਲਿਖੇ ਨੁਕਤੇ ਅਪਣਾਉਣ ਦੀ ਲੋੜ ਹੈ ।**

★ ਛੋਲਿਆਂ ਲਈ ਚੰਗੇ ਜਲ ਨਿਕਾਸ ਵਾਲੀ ਰੇਤਲੀ ਤਾਂ ਹਲਕੀ ਭਲ ਵਾਲੇ ਜ਼ਮੀਨ ਦੀ ਚੋਣ ਕਰੋ । ਖਾਰੀਆਂ, ਕਲਰਾਠੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ ਛੋਲਿਆਂ ਲਈ ਢੁੱਕਵੀਆਂ ਨਹੀਂ ਹਨ ।

★ ਖੇਤ ਤਿਆਰ ਕਰਨ ਵੇਲੇ ਇਸ ਨੂੰ ਡੂੰਘਾ ਵਾਹੋ ਕਿਉਂਕਿ ਪੋਲੀਆਂ ਅਤੇ ਡੂੰਘੀਆਂ ਵਾਹੀਆਂ ਜ਼ਮੀਨਾਂ ਵਿਚ ਛੋਲਿਆਂ ਨੂੰ ਉਖੇੜਾ ਰੋਗ ਘੱਟ ਲੱਗਦਾ ਹੈ ।

★ ਸੇਂਜੂ ਹਾਲਤਾਂ ਵਿਚ ਛੋਲੇ 25 ਅਕਤੂਬਰ ਤੋਂ 10 ਨਵੰਬਰ ਦੇ ਦਰਮਿਆਨ ਬੀਜੋ । ਅਗੇਤੀ ਬੀਜੀ ਫਸਲ ਨੂੰ ਉਚੇ ਤਾਪਮਾਨ ਕਰਕੇ ਉਖੇੜੇ ਦੀ ਬਿਮਾਰੀ ਲੱਗਣ ਦਾ ਡਰ ਰਹਿੰਦਾ ਹੈ ਅਤੇ ਫਸਲ ਕਈ ਵਾਰ ਲੋੜ ਤੋਂ ਜ਼ਿਆਦਾ ਵਧ ਜਾਂਦੀ ਹੈ ਜਿਸ ਕਰਕੇ ਫਲ ਘੱਟ ਪੈਂਦਾ ਹੈ ।



★ ਪੰਜਾਬ ਦੇ ਵੱਖ-ਵੱਖ ਇਲਾਕਿਆਂ ਅਨੁਸਾਰ ਸਿਫਾਰਸ਼ ਕੀਤੀਆਂ ਕਿਸਮਾਂ ਦੀ ਚੋਣ ਕਰੋ । ਪੀ ਬੀ ਜੀ 10, ਪੀ ਬੀ ਜੀ 7 ਕਿਸਮ ਦੀ ਬਿਜਾਈ ਸਾਰੇ ਪ੍ਰਾਂਤ ਵਿਚ ਸਿੰਚਾਈ ਵਾਲੀਆਂ ਹਾਲਤਾਂ ਲਈ ਸਿਫਾਰਸ਼ ਕੀਤੀ ਗਈ ਹੈ ।

★ ਦੇਸੀ ਛੋਲਿਆਂ ਦੀ ਕਿਸਮ ਪੀ ਬੀ ਜੀ 10 ਲਈ 30 ਕਿਲੋ ਪ੍ਰਤੀ ਏਕੜ, ਪੀ ਬੀ ਜੀ 5 ਕਿਸਮ ਲਈ 24 ਕਿਲੋ ਪ੍ਰਤੀ ਏਕੜ ਅਤੇ ਬਾਕੀ ਕਿਸਮਾਂ ਲਈ 15-18 ਕਿਲੋ ਬੀਜ ਪ੍ਰਤੀ ਏਕੜ ਵਰਤੋ ।

★ ਬਿਜਾਈ ਤੋਂ ਪਹਿਲਾਂ ਬੀਜ ਨੂੰ ਸਿਫਾਰਸ਼ ਕੀਤੇ ਜੀਵਾਣੂੰ ਖਾਦ ਦਾ ਟੀਕਾ ਲਾਉ ।

★ ਬਿਜਾਈ ਸਮੇਂ ਸਿਆੜ ਤੋਂ ਸਿਆੜ ਦਾ ਫਾਸਲਾ 30 ਸੈਂਟੀਮੀਟਰ ਰੱਖੋ ਅਤੇ ਬੀਜ ਨੂੰ 10 ਤੋਂ 12.5 ਸੈਂਟੀਮੀਟਰ ਡੂੰਘਾ ਬੀਜੋ ।

★ ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ ਛੋਲਿਆਂ ਦੀ ਬਿਜਾਈ ਬੈੱਡਾਂ ਉੱਤੇ ਕਰੋ ।

★ ਬਿਜਾਈ ਸਮੇਂ 13 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਡਰਿੱਲ ਨਾਲ ਪੋਰ ਦਿਓ । ਵਧੇਰੇ ਝਾੜ ਲੈਣ ਵਾਸਤੇ, ਉਪਰੋਕਤ ਖਾਦਾਂ ਦੇ ਇਲਾਵਾ, ਫਸਲ ਬੀਜਣ ਤੋਂ 90 ਅਤੇ 110 ਦਿਨਾਂ ਤੇ 2% ਯੂਰੀਆ (3 ਕਿਲੋ ਯੂਰੀਆ 150 ਲਿਟਰ ਪਾਣੀ ਵਿਚ ਪ੍ਰਤੀ ਏਕੜ) ਦਾ ਛਿੜਕਾ ਕਰੋ ।

★ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ 50 ਮਿਲੀਲਿਟਰ ਕੋਰਾਜਨ 18.5 ਐਸ ਸੀ 39 (ਕਲੋਰਐਂਟਰਾਨਿਲੀਪਰੋਲ) ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਨਜ਼ੋਏਟ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

★ ਬਿਜਾਈ ਤੋਂ ਬਾਅਦ ਫਸਲ ਨੂੰ ਕੇਵਲ ਇਕ ਪਾਣੀ ਲੋੜ ਮੁਤਾਬਿਕ ਦੇਣਾ ਚਾਹੀਦਾ ਹੈ । ਇਹ ਪਾਣੀ ਬਿਜਾਈ ਦੇ ਸਮੇਂ ਅਤੇ ਬਾਰਸ਼ ਅਨੁਸਾਰ ਅੱਧ ਦਸੰਬਰ ਤੋਂ ਅੰਤ ਜਨਵਰੀ ਦਰਮਿਆਨ ਦਿਓ । ਇਹ ਪਾਣੀ ਕਿਸੇ ਵੀ ਹਾਲਤ ਵਿਚ ਬਿਜਾਈ ਤੋਂ 4 ਹਫਤੇ ਦੇ ਅੰਦਰ ਨਹੀਂ ਦੇਣਾ ਚਾਹੀਦਾ । ਭਾਰੀਆਂ ਜ਼ਮੀਨਾਂ, ਖਾਸ ਕਰਕੇ ਝੋਨੇ ਪਿੱਛੋਂ ਬੀਜੇ ਛੋਲਿਆਂ ਨੂੰ ਪਾਣੀ ਬਿਲਕੁਲ ਨਹੀਂ ਲਾਉਣਾ ਚਾਹੀਦਾ ।

**ਅਮਿਤ ਸਲਾਰੀਆ, ਇੰਦਰਪ੍ਰੀਤ ਕੌਰ ਅਤੇ ਅਮਨਦੀਪ ਕੌਰ, ਡਾਇਰੈਕਟੋਰੇਟ ਪਸਾਰ ਸਿੱਖਿਆ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 94171-88183)

ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
BEW
KSA
4 IN 1 COMBO
BEW ਸੁਪਰ ਸੀਡਰ

• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

## ਹੁਣ ਕਰਨਾਟਕ ਨੇ ਵੀ ਪੰਜਾਬ ਵਲੋਂ ਭੇਜੇ ਚੌਲਾਂ ਦੇ ਨਮੂਨੇ ਕੀਤੇ ਫੇਲ

### 26 'ਚੋਂ ਚਾਰ ਸੈਂਪਲਾਂ ਨੂੰ ਮਿਆਰ ਤੋਂ ਹੇਠਲੇ ਦਰਜੇ ਦਾ ਐਲਾਨਿਆ

ਅਰੁਣਾਚਲ ਪ੍ਰਦੇਸ਼ ਤੋਂ ਬਾਅਦ ਹੁਣ ਕਰਨਾਟਕ ਨੇ ਵੀ ਪੰਜਾਬ ਵਲੋਂ ਭੇਜੇ ਚੌਲਾਂ ਦੇ ਨਮੂਲੇ ਫੇਲ੍ਹ ਕਰ ਦਿੱਤੇ ਹਨ । ਦੋ ਹਫਤੇ ਪਹਿਲਾਂ ਅਰੁਣਾਚਲ ਪ੍ਰਦੇਸ਼ ਨੂੰ ਭੇਜੇ ਚੌਲਾਂ ਦੇ ਨਮੂਨੇ ਖਰਾਬ ਮਿਲੇ ਸਨ । ਕਰਨਾਟਕ ਨੂੰ ਭੇਜੇ ਚੌਲਾਂ ਦੇ ਨਮੂਨੇ 'ਮਿਆਰ ਤੋਂ ਵੀ ਹੇਠਲੇ ਦਰਜੇ' ਦੇ ਮਿਲੇ ਹਨ ਜੋ ਇਨਸਾਨਾਂ ਦੇ ਖਾਣ ਯੋਗ ਨਹੀਂ ਹਨ ।

ਖਪਤਕਾਰ ਮਾਮਲਿਆਂ, ਭੋਜਨ ਅਤੇ ਜਨਤਕ ਵੰਡ ਮੰਤਰਾਲੇ ਵਲੋਂ ਭੇਜੀਆਂ ਗਈਆਂ ਟੀਮਾਂ ਨੇ ਹੁਬਲੀ (ਕਰਨਾਟਕ) 'ਚ ਭੰਡਾਰਨ ਡਿਪੂ ਅਤੇ ਰਾਸ਼ਨ ਦੀਆਂ ਦੁਕਾਨਾਂ ਤੋਂ ਫੋਰਟੀਫਾਈਡ ਚੌਲਾਂ (ਪੌਸ਼ਟਿਕ ਤੱਤਾਂ ਨਾਲ ਭਰਪੂਰ ਚੌਲ) ਦੇ 26 ਨਮੂਨੇ ਲਏ ਸਨ । ਇਨ੍ਹਾਂ 'ਚੋਂ ਚਾਰ ਸੈਂਪਲਾਂ ਨੂੰ ਮਿਆਰ ਤੋਂ ਹੇਠਲੇ ਦਰਜੇ ਦਾ ਐਲਾਨਿਆ ਗਿਆ ਹੈ । ਮੰਤਰਾਲੇ ਨੇ ਇਨ੍ਹਾਂ ਚੌਲਾਂ ਨੂੰ ਬਦਲਣ ਲਈ ਕਿਹਾ ਸੀ ਜਿਨ੍ਹਾਂ ਤੋਂ ਨਮੂਲੇ ਲਏ ਗਏ ਸਨ । ਨਾਭਾ ਤੋਂ ਹੁਬਲੀ ਨੂੰ 7,304 (3,568.837 ਕੁਇੰਟਲ) ਜਦ ਕਿ ਜਲੰਧਰ ਜ਼ਿਲ੍ਹੇ ਦੇ ਭੋਗਪੁਰ ਤੋਂ 2,995 ਬੋਰੀਆਂ (1,484.929 ਕੁਇੰਟਲ) ਭੇਜੀਆਂ ਗਈਆਂ ਸਨ । ਪਟਿਆਲਾ ਅਤੇ ਜਲੰਧਰ ਡਿਵੀਜ਼ਨਾਂ 'ਚ ਭਾਰਤੀ ਖੁਰਾਕ ਨਿਗਮ (ਐਫ. ਸੀ. ਆਈ) ਦੇ ਅਧਿਕਾਰੀਆਂ ਨੂੰ ਇਸ ਬਾਰੇ ਜਾਣਕਾਰੀ ਦਿੰਦਿਆਂ ਚੌਲਾਂ ਨੂੰ ਬਦਲਣ ਲਈ ਕਿਹਾ ਗਿਆ ਹੈ । ਪੰਜਾਬ 'ਚ ਪੈਦਾ ਅਤੇ ਖਰੀਦੇ ਗਏ ਚੌਲਾਂ ਨੂੰ ਖਾਰਜ਼ ਕੀਤੇ ਜਾਣ 'ਤੇ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਦੇ ਚੌਲਾਂ ਦੇ ਨਮੂਨੇ ਜਾਣਬੁੱਝ ਕੇ ਗੁਣਵੱਤਾ ਦਸੇ ਆਧਾਰ 'ਤੇ ਰੱਦ ਕੀਤੇ ਜਾ ਰਹੇ ਹਨ ਜਦਕਿ ਇਨ੍ਹਾਂ ਨੂੰ ਕਈ ਮਹੀਨੇ ਪਹਿਲਾਂ ਹੋਰ ਸੂਬਿਆਂ ਨੂੰ ਭੇਜਿਆ ਗਿਆ ਸੀ । ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਤੋਂ ਭੇਜੇ ਗਏ ਚੌਲਾਂ ਵਿਰੁੱਧ ਲੋਕ ਰਾਏ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿਉਂਕਿ ਕੇਂਦਰ ਦੇ ਅਨਾਜ ਭੰਡਾਰ ਭਰੇ ਹੋਏ ਹਨ । ਉਨ੍ਹਾਂ ਕਿਹਾ ਕਿ ਇੰਝ ਜਾਪਦਾ ਹੈ ਕਿ ਕੇਂਦਰ ਝੋਨੇ ਦੀ ਖਰੀਦ 'ਚ ਕਾਰਪੋਰੇਟਾਂ ਨੂੰ ਲਿਆਉਣਾ ਚਾਹੁੰਦਾ ਹੈ । ਹੋ ਸਕਦਾ ਹੈ ਕਿ ਅਗਲੇ ਸੀਜ਼ਨ 'ਚ ਕਾਰਪੋਰੇਟ ਐਮ ਐਸ ਪੀ ਤੋਂ ਘਟ ਰੇਟ ਦੇਣ ਪਰ ਕਿਸਾਨ ਮੰਡੀਆਂ 'ਚ ਰਾਤਾਂ ਗੁਜ਼ਾਰਨ ਦੀ ਬਜਾਏ ਉਨ੍ਹਾਂ ਕੋਲ ਚਲੇ ਜਾਣਗੇ । ਸ਼ੈਲਰ ਮਾਲਕਾਂ ਨੂੰ ਖਦਸ਼ਾ ਹੈ ਕਿ ਚੌਲਾਂ ਦੇ ਨਮੂਨੇ ਖਾਰਜ਼ ਹੋਣ ਕਾਰਨ ਐਫ ਸੀ ਆਈ ਪੰਜਾਬ ਦੇ ਖੇਤਰੀ ਜਨਰਲ ਮੈਨੇਜਰ ਬੀ.ਸ੍ਰੀ ਨਿਵਾਸਨ ਨੇ ਕਿਹਾ ਕਿ ਪੰਜਾਬ 'ਚ ਸਾਰੇ ਸਟਾਕ ਦੀ ਗੁਣਵੱਤਾ ਦੀ ਜਾਂਚ ਕਰਨ ਦੇ ਕੋਈ ਨਿਰਦੇਸ਼ ਨਹੀਂ ਮਿਲੇ ਹਨ । ਉਨ੍ਹਾਂ ਕਿਹਾ ਕਿ ਜਦੋਂ ਕਰਨਾਟਕ ਨੂੰ ਚੌਲ ਭੇਜੇ ਗਏ ਸਨ ਤਾਂ ਗੁਣਵੱਤਾ 'ਚ ਕੋਈ ਸਮੱਸਿਆ ਨਹੀਂ ਸੀ । ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ 'ਚੋਂ ਚੌਲਾਂ ਦੀ ਆਵਾਜਾਈ ਜਾਰੀ ਰਹੇਗੀ ।